7

# ਮਲਕਿਸਿਦਕ ਦੀ ਅਨੋਖੀ ਯਾਜਕਾਈ

## (7:1-28)

ਮਲਕਿਸਿਦਕ ਦੀ ਪਛਾਣ ਪਹਿਲਾਂ ਹੀ ਕਰਾ ਦੇਣ ਦੇ ਬਾਅਦ (5:6, 10; 6:20) ਲੇਖਕ ਮਲਕਿਸਿਦਿਕ ਦੀ ਚਰਚਾ ਵਿਸਤਾਰ ਨਾਲ ਕਰਨ ਲੱਗਾ। ਪਰ ਉਸ ਦਾ ਜ਼ੋਰ ਮਲਕਿਸਿਦਕ ਤੇ ਨਹੀਂ ਬਲਕਿ ਮਸੀਹ ਤੇ ਸੀ। ਮਸੀਹ ਮਲਕਿਸਿਦਕ ਨਾਲ ਮੇਲ ਨਹੀਂ ਖਾਂਦਾ, ''ਬਲਕਿ ਮਲਕਿਸਿਦਕ ਪ੍ਰਭੂ ਯਿਸੂ ਨਾਲ ਮੇਲ ਖਾਂਦਾ ਹੈ।''[1]

ਖ਼ੁਦਾ ਦੇ ਸਾਹਮਣੇ ਮਲਕਿਸਿਦਕ ਦਾ ਇਹ ਵਿਲੱਖਣ ਖਲੋਣਾ ਉਤਪਤ 14:17–20 ਵਿਚ ਦੱਸਿਆ ਗਿਆ ਹੈ ਅਤੇ ਉਸ ਦੀ ਯਾਜਕਾਈ ਦਾ ਜ਼ਿਕਰ ਜ਼ਬੂਰ 110:4 ਵਿਚ ਹੈ। ਇਸ ਬੇਮਿਸਾਲ ਸ਼ਖ਼ਸ ਬਾਰੇ ਵਿਚ ਪੁਰਾਣੇ ਨੇਮ ਵਿਚ ਹੋਰ ਕਿਤੇ ਨਹੀਂ ਮਿਲਦਾ ਅਤੇ ਨਵੇਂ ਨੇਮ ਵਿਚ ਸਿਰਫ਼ ਇਬਰਾਨੀਆਂ ਦੀ ਕਿਤਾਬ ਵਿਚ ਹੀ ਮਿਲਦਾ ਹੈ।

ਇਬਰਾਨੀਆਂ ਦੀ ਕਿਤਾਬ ਵਿਚ ਬਾਈਬਲ ਦਾ ਹਵਾਲਾ ਸਾਨੂੰ ਇਹ ਸਮਝਾਉਣ ਵਿਚ ਮਦਦ ਕਰਦਾ ਹੈ ਕਿ ਪੁਰਾਨਾ ਨੇਮ ਅਸਲ ਵਿਚ ਮਸੀਹ ਉੱਤੇ ਕੇਂਦਰਿਤ ਹੈ।[2] ਮਲਕਿਸਿਦਕ ਦੀ ਯਾਜਕਾਈ ਨਾਲ ਮਸੀਹ ਦੀ ਯਾਜਕਾਈ ਦੀ ਭੂਮਿਕਾ ਨੂੰ ਸਮਝਣ ਵਿਚ ਮਦਦ ਮਿਲਦੀ ਹੈ। ਨਵੀਂ ਯਾਜਕਾਈ ਉਸ ਰਹੱਸਮਈ ਪੁਰਾਣੇ ਯਾਜਕ/ਰਾਜਾ ਦੇ ''ਰੁਤਬੇ ਮੁਤਾਬਕ'' ਦੱਸੀ ਗਈ ਹੈ; ਦੋਹਾਂ ਯਾਜਕਾਈਆਂ ਵਿਚ ਇਕ *ਸਮਾਨਤਾ* ਹੈ ਜਿਸ ਨੂੰ ਲੇਖਕ ਸਮਝਾਉਣਾ ਚਾਹੁੰਦਾ ਸੀ।[3] ''ਇਸ ਤਰ੍ਹਾਂ ਦਾ ਕੋਈ ਦ੍ਰਿਸ਼ਟਾਂਤ ਨਹੀਂ ਹੋ ਸਕਦਾ ਜਿਹੜਾ ਆਪਣੇ ਆਪ ਵਿਚ ਅਨਾਦੀ ਹੋਵੇ, ਕਿਉਂਕਿ ਤਦ ਤਾਂ ਕਿਸੇ ਕੋਲ ਹਕੀਕਤ ਹੋਣੀ ਸੀ ਨਾ ਕਿ ਦ੍ਰਿਸ਼ਟਾਂਤ।''[4] ਲੇਖਕ ਪੁਰਾਣੇ ਨੇਮ ਤੋਂ ਦ੍ਰਿਸ਼ਟਾਂਤ ਦੀ ਮਦਦ ਦੇ ਬਿਨਾ ਮਸੀਹ ਦੀ ਮਹਾਨ ਯਾਜਕਾਈ ਦੇ ਇਬਰਾਨੀਆਂ ਦੇ ਸਵਾਲਾਂ ਦਾ ਜਵਾਬ ਨਹੀਂ ਦੇ ਸਕਦਾ ਸੀ।

ਲੇਖਕ ਪਾਠਕਾਂ ਨੂੰ ਯਿਸੂ ਆਪਣੇ ਪ੍ਰਭੂ ਦੇ ਸਬੰਧ ਵਿਚ ਇਸ ''ਅਬਦੀ'' ਧਾਰਣਾ ਵਿਚ ਆ ਕੇ ਆਪਣੇ ਰੂਹਾਨੀ ਆਲਸ ਨੂੰ ਦੂਰ ਕਰਨ ਵਿਚ ਮਦਦ ਕਰ ਰਿਹਾ ਸੀ। 5:11—6:8 ਵਾਲੀ ਝਿੜਕ ਤੋਂ ਉਨ੍ਹਾਂ ਨੂੰ ਮਸੀਹ ਦੀ ਪਵਿੱਤਰ ਯਾਜਕਾਈ ਦੇ ਵਿਸ਼ੇ ਤੇ ਧਿਆਨ ਦੇਣ ਲਈ ਹਿੰਮਤ ਹੋਣੀ ਚਾਹੀਦੀ ਸੀ। ਆਪਣੀ ਤੁਲਨਾ ਨੂੰ ਪੂਰਾ ਕਰਨ ਲਈ ਲੇਖਕ ਨੇ ਉਤਪਤ 14 ਦੇ ਪਿਛੋਕੜ ਅਤੇ ਜ਼ਬੂਰ 110:4 ਵਿਚ ਮਸੀਹਾ ਦੀ ਕੜੀ ਦੇ ਦੋਹਾਂ ਵੇਰਵਿਆਂ ਦੀ ਲੋੜ ਸੀ।

ਅਬਰਾਹਾਮ ਮਲਕਿਸਿਦਕ ਨਾਲੋਂ ਛੋਟਾ ਸੀ ਜਿਸ ਨੇ ਮਸੀਹ ਦੀ ਯਾਜਕਾਈ ਲਈ ਉਸ ਦੇ ਦਾ ਰਾਹ ਸਾਫ਼ ਕਰਨ ਦਾ ਕੰਮ ਕੀਤਾ ਸੀ। ਇਹ ਹਕੀਕਤ ਲੇਵੀ ਅਤੇ ਹਾਰੂਨ ਦੇ ਨਾਲ–ਨਾਲ ਅਬਰਾਹਾਮ ਉੱਤੇ ਮਸੀਹ ਦੇ ਸਰੇਸ਼ਠ ਹੋਣ ਨੂੰ ਵਿਖਾਉਂਦੀ ਹੈ। ਲਗਦਾ ਹੈ ਕਿ ਇਬਰਾਨੀਆਂ ਦੀ ਕਿਤਾਬ ਦੇ ਪਾਠਕਾਂ ਨੇ ਪਹਿਲਾਂ ਖ਼ੁਦਾ ਦੀ ਪ੍ਰੇਰਣਾ ਪਾਏ ਕਿਸੇ ਵੀ ਪ੍ਰਚਾਰਕ ਜਾਂ ਲੇਖਕ ਤੋਂ ਮਸੀਹ ਦੀ ਉੱਤਮ ਸਚਿਆਈ ਦੇ ਵਿਸ਼ੇ ਤੇ ਨਹੀਂ ਸੁਣਿਆ ਸੀ। 7:1 ਦੀ ਵਾਕ ਰਚਨਾ ਉੱਤੇ ਧਿਆਨ ਦਿਓ। ਯਕੀਨਨ ਹੀ ਉਨ੍ਹਾਂ ਨੇ ਉਸ ਯਿਸੂ ਨੂੰ ਜਿਸ ਨੂੰ ਉਹ ਜਾਣਦੇ ਸਨ ਜ਼ਬੂਰ 110 ਵਾਲੇ ਮਸੀਹਾ ਨਾਲ ਨਹੀਂ ਜੋੜਿਆ ਸੀ। ਪਰ ਮਲਕਿਸਿਦਕ ਵੱਲੋਂ ਮਸੀਹ ਦੀਆਂ ਦੋਵੇਂ ਯਾਜਕਾਈਆਂ ਆਪਣੇ ਅਨੰਤ ਹੋਣ ਦੇ ਨਾਲ ਨਾਲ ਧਾਰਮਿਕਤਾ ਅਤੇ ਮੇਲ ਦੀ ਆਪਣੀ ਖ਼ਾਸੀਅਤ ਨਾਲ ਇਕ ਦੂਜੇ ਤੋਂ ਬਹੁਤ ਨੇੜੇ ਹਨ।

## ਅਬਰਾਹਾਮ ਅਤੇ ਮਲਕਿਸਿਦਕ (7:1-10)

[1]ਅਤੇ ਇਹ ਮਲਕਿਸਿਦਕ ਸਾਲੇਮ ਦਾ ਰਾਜਾ ਅਤੇ ਅੱਤ ਮਹਾਨ ਦਾ ਜਾਜਕ ਜਿਹੜਾ ਅਬਰਾਹਾਮ
ਨੂੰ ਜਿਸ ਵੇਲੇ ਉਹ ਰਾਜਿਆਂ ਨੂੰ ਵੱਢ ਕੇ ਮੁੜਿਆ ਆਉਂਦਾ ਸੀ ਆ ਮਿਲਿਆ ਅਤੇ ਉਹ ਨੂੰ ਅਸੀਸ
ਦਿੱਤੀ। [2]ਜਿਹ ਨੂੰ ਅਬਰਾਹਾਮ ਨੇ ਸਭਨਾਂ ਵਸਤਾਂ ਦਾ ਦਸੌਂਧ ਵੀ ਦਿੱਤਾ ਉਹ ਪਹਿਲਾਂ ਆਪਣੇ ਨਾਉਂ
ਦੇ ਅਰਥ ਅਨੁਸਾਰ ਧਰਮ ਦਾ ਰਾਜਾ ਹੈ ਅਤੇ ਫੇਰ ਸਾਲੇਮ ਦਾ ਰਾਜਾ ਵੀ ਅਰਥਾਤ ਸਲਾਮਤੀ ਦਾ
ਰਾਜਾ। [3]ਜਿਹ ਦਾ ਨਾ ਪਿਤਾ ਨਾ ਮਾਤਾ ਨਾ ਕੁਲਪੱਤ੍ਰੀ ਹੈ, ਜਿਹ ਦੇ ਨਾ ਦਿਨਾਂ ਦਾ ਆਦ, ਨਾ ਜੀਵਨ
ਦਾ ਅੰਤ ਹੈ ਪਰੰਤੂ ਪਰਮੇਸ਼ੁਰ ਦੇ ਪੁੱਤਰ ਦੇ ਸਮਾਨ ਕੀਤਾ ਹੋਇਆ ਸਦਾ ਜਾਜਕ ਬਣਿਆ ਰਹਿੰਦਾ ਹੈ।
[4]ਹੁਣ ਧਿਆਨ ਕਰੋ ਭਈ ਇਹ ਕੇਡਾ ਮਹਾਤਮਾ ਸੀ ਜਿਹ ਨੂੰ ਘਰਾਣੇ ਦੇ ਸਰਦਾਰ ਅਬਰਾਹਾਮ
ਨੇ ਲੁੱਟ ਦੇ ਮਾਲ ਵਿੱਚੋਂ ਸਭ ਤੋਂ ਚੰਗੀਆਂ ਵਸਤਾਂ ਦਾ ਦਸੌਂਧ ਦਿੱਤਾ। [5]ਅਤੇ ਲੇਵੀ ਦੀ ਸੰਤਾਨ ਵਿੱਚੋਂ
ਜਿਹਨਾਂ ਨੂੰ ਜਾਜਕਾਂ ਦੀ ਪਦਵੀ ਮਿਲਦੀ ਹੈ ਉਨ੍ਹਾਂ ਨੂੰ ਉਸ ਪਰਜਾ ਤੋਂ ਅਰਥਾਤ ਆਪਣਿਆਂ ਭਰਾਵਾਂ
ਤੋਂ ਭਾਵੇਂ ਓਹ ਅਬਰਾਹਾਮ ਦੀ ਅੰਸ ਵਿੱਚੋਂ ਹਨ ਸ਼ਰਾ ਦੇ ਅਨੁਸਾਰ ਦਸੌਂਧ ਲੈਣ ਦਾ ਹੁਕਮ ਹੈ। [6]ਪਰ
ਜਿਹ ਦੀ ਕੁਲਪੱਤ੍ਰੀ ਉਨ੍ਹਾਂ ਨਾਲ ਨਹੀਂ ਸੀ ਰਲਦੀ ਉਹ ਨੇ ਅਬਰਾਹਾਮ ਤੋਂ ਦਸੌਂਧ ਲਿਆ ਅਤੇ ਉਹ ਨੂੰ
ਅਸੀਸ ਦਿੱਤੀ ਜਿਹ ਨੂੰ ਵਚਨ ਦਿੱਤੇ ਹੋਏ ਸਨ। [7]ਪਰ ਕੋਈ ਸ਼ੱਕ ਨਹੀਂ ਭਈ ਛੋਟੇ ਨੂੰ ਵੱਡੇ ਤੋਂ ਅਸੀਸ
ਮਿਲਦੀ ਹੈ। [8]ਅਰ ਇੱਥੇ ਮਰਨ ਵਾਲੇ ਮਨੁੱਖ ਦਸੌਂਧ ਲੈਂਦੇ ਹਨ ਪਰ ਉੱਥੇ ਉਹ ਲੈਂਦਾ ਹੈ ਜਿਹਦੇ
ਵਿਖੇ ਇਹ ਸਾਖੀ ਦਿੱਤੀ ਜਾਂਦੀ ਹੈ ਭਈ ਉਹ ਜੀਉਂਦਾ ਹੈ। [9]ਸੋ ਇਹ ਆਖ ਸੱਕਦੇ ਹਾਂ ਜੋ ਲੇਵੀ ਨੇ ਵੀ
ਜਿਹੜਾ ਦਸੌਂਧ ਲੈਂਦਾ ਹੈ ਅਬਰਾਹਾਮ ਦੇ ਰਾਹੀਂ ਦਸੌਂਧ ਦਿੱਤਾ। [10]ਕਿਉਂ ਜੋ ਉਹ ਅਜੇ ਆਪਣੇ ਪਿਉ
ਦੀ ਦੇਹ ਵਿਚ ਸੀ ਜਿਸ ਵੇਲੇ ਮਲਕਿਸਿਦਕ ਉਹ ਨੂੰ ਆ ਮਿਲਿਆ।

**ਆਇਤ 1.** ਆਇਤਾਂ 1 ਅਤੇ 2 **ਸਾਲੇਮ ਦਾ ਰਾਜਾ** ਨਾਲ ਸਬੰਧਿਤ ਵਿਵਰਣ ਨੂੰ ਸੰਖੇਪ ਕਰਦੀ ਹੈ। ਉਤਪਤ 14 ਕੋਈ ਪਛਾਣ ਨਹੀਂ ਦਿੰਦਾ ਅਤੇ ਨਾ ਹੀ ਉਸ ਦੇ ਪਿਛੋਕੜ ਕੀ ਕੋਈ ਜਾਣਕਾਰੀ ਹੈ, ਨਾ ਹੀ ਇਸ ਅਧਿਐਨ ਵਿਚ ਜ਼ਬੂਰ 110:4 ਦੇ ਹਵਾਲਿਆਂ ਨੂੰ ਛੱਡ ਕੋਈ ਹੋਰ ਜਾਣਕਾਰੀ ਦਿੱਤੀ ਗਈ ਹੈ। ਭਲਾ ਸਿਰਫ਼ ਉਹੀ ਇਹੋ ਜਿਹਾ **ਯਾਜਕ**/ਰਾਜਾ ਸੀ ਜਾਂ ਇਸ ਨਮੂਨ ਦੇ ਅਨੁਸਾਰ ਕੋਈ ਹੋਰ ਵੀ ਸੀ? ਮਲਕਿਸਿਦਕ ਅਤੇ ਅਬਰਾਹਾਮ ਦੇ ਸਮੇਂ ਵਿਚ ਜ਼ਿਆਦਾਤਰ ਸੰਸਾਰ ਮੂਰਤੀਪੂਜਕ ਅਤੇ ਅਨੈਤਿਕ ਸੀ, ਪਰ ਸਾਲੇਮ ਦੇ ਵਾਂਗ ਯਕੀਨਨ ਹੀ ਧਾਰਮਿਕਤਾ ਦੇ ਹੋਰ ਵੀ ਥਾਂ ਸਨ।

ਇਬਰਾਨੀ ਭਾਸ਼ਾ ਵਿਚ ''ਮਲਕਿਸਿਦਕ'' ਦਾ ਮੂਲ ਅਰਥ ''ਮੇਰਾ ਰਾਜਾ ਧਰਮੀ ਹੈ'' (ਵੇਖੋ ਆਇਤ 2, ''ਧਾਰਮਿਕਤਾ ਦਾ ਰਾਜਾ'')। ਮਲਕਿ (*melchi*) *melek* ਤੋਂ ਨਿੱਕਲਿਆ ਹੈ, ਜਿਸ ਦਾ ਅਰਥ ''ਰਾਜਾ'' ਅਤੇ ਸਿਦਕ (*zedek*) ਸ਼ਬਦ *tsaddiq* ਤੋਂ ਨਿੱਕਲਿਆ ਹੈ ਜਿਸ ਦਾ ਅਰਥ ''ਧਾਰਮਿਕਤਾ'' ਹੈ।[5] ਜ਼ਕਰਯਾਹ 9:9, 10 ਨੂੰ ਪੂਰਾ ਕਰਨ ਦੇ ਰੂਪ ਵਿਚ ਮਸੀਹ ਨੇ ''ਕੌਮਾਂ ਲਈ ਸ਼ਾਂਤੀਆਂ ਦੀਆਂ ਗੱਲਾਂ'' ਕਰਨੀਆਂ ਸਨ, ''ਰਾਜਾ ਹੋ ਕੇ ਰਾਜ'' ਕਰਨਾ ਸੀ, ''ਅਤੇ ਦੇਸ ਵਿਚ ਇਨਸਾਫ਼ ਅਤੇ ਧਰਮ ਦੇ ਕੰਮ'' ਕਰਨੇ ਸਨ। ਉਸ ਨੇ ਯਹੂਦਾਹ ਨੂੰ ਛੁਡਾਉਣਾ ਸੀ ਅਤੇ ਆਪਣੇ ਸਿੰਘਾਸਣ ਉੱਤੇ ਰਾਜਾ ਅਤੇ ਯਾਜਕ ਦੇ ਰੂਪ ਵਿਚ ਕੰਮ ਕਰਨਾ ਸੀ (ਯਿਰਮਿਯਾਹ 23:5, 6; ਜ਼ਕਰਯਾਹ 6:12, 13)।

''ਸ਼ਾਂਤੀ'' ਲਈ ਇਬਰਾਨੀ ਸ਼ਬਦ ਦੇ ਬਰਾਬਰ ''ਸਾਲੇਮ'' (ਵੇਖੋ ਆਇਤ 2) ਜ਼ਬੂਰ 76:2 ਵਿਚ ਸੀਯੋਨ ਨਾਲ ਮਿਲਾਇਆ ਗਿਆ ਹੈ। ਜੋਸੇਫ਼ਸ ਅਤੇ ਖਾਰੇ ਸਮੁੰਦਰ ਦੇ ਪੱਤਰਿਆਂ ਨੇ ਇਸ ਨਗਰ ਨੂੰ ਯਰੂਸ਼ਲਮ ਦੇ ਰੂਪ ਵਿਚ ਵਿਖਾਧਇਆ। ਮਲਕਿਸਿਦਕ ਮਸੀਹ ਦਾ ਪ੍ਰਤੀਕ ਸੀ ਜਿਸ ਨੇ ਸੱਚੀ ਸ਼ਾਂਤੀ ਲਿਆਉਣੀ ਸੀ, ਸਿਰਫ਼ ਲੜਾਈ ਤੋਂ ਬਚਾਅ ਹੀ ਨਹੀਂ ਸਗੋਂ ਖ਼ੁਦਾ ਵੱਲੋਂ ਅੰਦਰੂਨੀ ਸ਼ਾਂਤੀ ਲਿਆਉਣੀ

ਸੀ। "ਮੈਂ ਤੁਹਾਨੂੰ ਸ਼ਾਂਤੀ ਦੇ ਜਾਂਦਾ ਹਾਂ। ਆਪਣੀ ਸ਼ਾਂਤੀ ਮੈਂ ਤੁਹਾਨੂੰ ਦਿੰਦਾ ਹਾਂ। ਜਿਸ ਤਰ੍ਹਾਂ ਸੰਸਾਰ ਦਿੰਦਾ ਹੈ ਮੈਂ ਉਸ ਤਰ੍ਹਾਂ ਤੁਹਾਨੂੰ ਨਹੀਂ ਦਿੰਦਾ ਹਾਂ" (ਯੂਹੰਨਾ 14:27)।

ਪੁਰਾਣੇ ਨੇਮ ਦਾ ਕੋਈ ਵੀ ਸਬੂਤ ਇਹ ਸੁਝਾਅ ਨਹੀਂ ਦਿੰਦਾ ਕਿ ਮਲਕਿਸਿਦਕ ਇਕ ਆਮ ਮਨੁੱਖ ਤੋਂ ਵੱਧ ਕੇ ਸੀ। ਇਹ ਉਸ ਦੀ ਪਛਾਣ ਦੀਆਂ ਕੁਝ ਝੂਠੀਆਂ ਕਲਪਨਾਵਾਂ ਨੂੰ ਕੱਢ ਦਿੰਦਾ ਹੈ। ਲਗਦਾ ਹੈ ਕਿ ਪਵਿੱਤਰ ਆਤਮਾ ਨੇ ਉਸ ਦੇ ਇਤਿਹਾਸ ਉੱਤੇ ਪਰਦਾ ਪਾ ਦਿੱਤਾ, ਜਿਸ ਨੇ ਉਸ ਨੂੰ ਜਨਮ ਅਤੇ ਮੌਤ ਦੇ ਸਬੰਧ ਵਿਚ ਮਸੀਹ ਦਾ ਦ੍ਰਿਸ਼ਟਾਂਤ ਜਾਂ ਰੂਪਕ ਬਣਾ ਦਿੱਤਾ। ਉਤਪਤ 14 ਇਸ ਯਾਜਕ ਦੇ ਮਸੀਹਾ ਲਈ ਮਨੁੱਖ/ਰੂਪ ਹੋਣ ਦਾ ਕੋਈ ਸੰਕੇਤ ਨਹੀਂ ਦਿੰਦਾ, ਪਰ ਜ਼ਬੂਰ 110:4 ਉਸ ਦੀ ਨਬੂਵਤ ਦੇ ਸੰਕੇਤ ਨੂੰ ਵਿਖਾਉਂਦਾ ਹੈ। ਪਤਰਸ ਨੇ ਜ਼ਬੂਰ 110:1 ਨੂੰ ਮਸੀਹ ਦੇ ਖ਼ੁਦਾ ਦੇ ਸੱਜੇ ਹੱਥ ਰਾਜ ਕਰਨ ਦੀ ਨਬੂਵਤ ਹੋਣ ਦੇ ਰੂਪ ਵਿਚ ਦੋਹਰਾਇਆ (ਰਸੂਲਾਂ ਦੇ ਕੰਮ 2:34)।

**ਆਇਤ 2. ਅਬਰਾਹਾਮ** ਵੱਲੋਂ ਮਲਕਿਸਿਦਕ ਨੂੰ ਬਹੁਤ ਜ਼ਿਆਦਾ ਆਦਰ ਦਿੱਤਾ ਗਿਆ। ਜਿਸ ਨੇ ਉਸ ਦੀ ਜਾਨ ਨੂੰ ਦਸਵੰਧ ਲੈਣ ਦੇ ਯੋਗ ਮੰਨਿਆ (**ਸਭਨਾਂ ਵਸਤਾਂ ਦਾ ਦਸਵੰਧ**)। ਇਬਰਾਨੀਆਂ ਦੇ ਪਿਤਾ ਨੇ ਮਲਕਿਸਿਦਕ ਨੂੰ ਇਹ ਭੇਂਟ ਕਿਉਂ ਦਿੱਤੀ। ਉਤਪਤ 14:22–24 ਵਿਚ ਅਬਰਾਹਾਮ ਨੇ ਆਖਿਆ ਕਿ ਖ਼ੁਦਾ ਨਾਲ ਕੀਤੀ ਗਈ ਉਹ ਦੀ ਸਹੁੰ ਦੇ ਕਾਰਣ ਉਹ ਆਪਣੇ ਲਈ ਕੁਝ ਨਹੀਂ ਲਵੇਗਾ। ਉਹ ਜਾਣਦਾ ਸੀ ਕਿ ਮਲਕਿਸਿਦਕ ਨੂੰ ਭੇਂਟ ਦੇ ਕੇ ਉਹ ਖ਼ੁਦਾ ਨੂੰ ਦੇ ਰਿਹਾ ਹੈ। ਅਬਰਾਹਾਮ ਵੱਲੋਂ ਇਸ ਤਰ੍ਹਾਂ ਦੀ ਭੇਂਟ ਦੇਣ ਦੀ ਮੰਗ ਕਰਨ ਵਾਲੇ ਕਿਸੇ ਨਿਯਮ ਨੂੰ ਅਸੀਂ ਨਹੀਂ ਜਾਣਦੇ। ਪਰ ਯਕੀਨਨ ਹੀ ਇਸ ਤਰ੍ਹਾਂ ਪੁਰਖਿਆਂ ਦੇ ਯੁੱਗ ਦੇ ਦੌਰਾਨ ਖ਼ੁਦਾ ਦੇ ਧਰਮ ਨੂੰ ਨਿਭਾਉਣ ਲਈ ਕਰ ਰਿਹਾ ਸੀ।[6] ਇਹ ਤੱਥ ਇਯ ਗੱਲ ਦਾ ਸੰਕੇਤ ਹੈ ਕਿ ਬੰਦਗੀ ਦਾ ਇਕ ਪ੍ਰਬੰਧ ਸੀ ਜਿਸ ਵਿਚ ਖ਼ੁਦਾ ਵੱਲੋਂ ਯਾਜਕ ਬਣਨ ਲਈ ਪੁਰਖਿਆਂ ਨੂੰ ਠਹਿਰਾਇਆ ਜਾਂਦਾ ਸੀ ਅਤੇ ਉਹ ਬੰਦਗੀ ਵਿਚ ਅਗੁਵਾਈ ਕਰਦੇ ਸਨ। ਹੋ ਸਕਦਾ ਹੈ ਕਿ ਉਹ ਅੱਯੂਬ ਅਤੇ ਯਿਥਰੋ (ਮੂਸਾ ਦਾ ਸਹੁੰਰਾ; ਕੂਚ 3:1; 18:1–27) ਇਸੇ ਲੜੀ ਵਿਚ ਆਉਂਦੇ ਹਨ। ਇਤਿਹਾਸ ਵਿਚ ਇਸ ਤਰ੍ਹਾਂ ਦੀ ਬੰਦਗੀ ਕਦੋਂ ਬੰਦ ਹੋ ਗਈ ਅਸੀਂ ਪੱਕਾ ਨਹੀਂ ਕਹਿ ਸਕਦੇ, ਪਰ ਮਸੀਹ ਦੇ ਆਉਣ ਤੋਂ ਪਹਿਲਾਂ ਕੁਝ ਸਮੇਂ ਤਕ ਇਹ ਜ਼ਰੂਰੀ ਸੀ। ਪਹਿਲੀ ਸਦੀ ਈਸਵੀ ਦੇ ਵਕਤ ਭਾਵੇਂ ਧਰਮੀ ਗੈਰਕੌਮ ਲੋਕਾਂ ਵਿਚ ਕੁਝ ਲੋਕ ਸਨ ਜਿਹੜੇ ਮੂਸਾ ਦੀ ਸ਼ਰ੍ਹਾ ਨੂੰ ਮੰਨਦੇ ਸਨ ਜਾਂ ਇਕ ਸੀਮਤ ਦਰਜੇ ਤਕ ਆਪਣੇ ਮਨਾਂ ਵਿਚ ਲਿਖਤ ਸ਼ਰ੍ਹਾ ਨੂੰ ਮੰਨਦੇ ਸਨ, ਪਰ ਜ਼ਿਆਦਾਤਰ ਲੋਕ ਖ਼ੁਦਾ ਨੂੰ ਛੱਡ ਚੁੱਕੇ ਸਨ; ਜਿਸ ਕਾਰਣ ਉਸ ਨੇ ਉਨ੍ਹਾਂ ਨੂੰ ਛੱਡ ਦਿੱਤਾ (ਵੇਖੋ ਰੋਮੀਆਂ 1:18, 24, 28; 2:14, 15)।

**ਆਇਤ 3.** ਯਹੂਦੀ ਪ੍ਰਬੰਧ ਵਿਚ ਯਾਜਕਾਈ ਦੀ ਨਿਯੁਕਤੀ ਲਈ ਵੰਸ਼ ਦੇ ਨਾਲ ਨਾਲ ਧਰਮੀ ਜੀਵਨ ਦੀ ਜ਼ਰੂਰੀ ਸੀ (ਇਬਰਾਨੀਆਂ 5:4–6)। ਲੇਵੀ ਯਾਜਕਾਂ ਦੇ ਵੰਸ਼ ਨੂੰ ਉਸ ਜ਼ਮਾਨੇ ਵਿਚ ਆਸਾਨੀ ਨਾਲ ਜਾਣਿਆ ਜਾ ਸਕਦਾ ਹੈ ਕਿਉਂਕਿ ਸਹੀ ਸਹੀ ਹਿਸਾਬ ਰੱਖਿਆ ਗਿਆ ਸੀ। ਅਜ਼ਰਾ 2:62, 63 ਅਤੇ ਨਹਮਯਾਹ 7:63–65 ਤੋਂ ਪਤਾ ਚੱਲਦਾ ਹੈ ਕਿ ਆਪਣੇ ਵੰਸ਼ ਦੀ ਸਹੀ ਜਾਣਕਾਰੀ ਨਾ ਦੇ ਪਾਉਣ ਵਾਲੇ ਮਾਮਲੇ ਦੇ ਸੁਲਝ ਜਾਣ ਤਕ ਕੰਮ ਨਹੀਂ ਕਰ ਸਕਦੇ ਸਨ। ਪਰ ਮਲਕਿਸਿਦਕ ਲੇਵੀ ਦੇ ਯਾਜਕੀ ਗੋਤ ਵਿੱਚੋਂ ਨਹੀਂ ਸੀ ਅਤੇ ਨਾ ਹੀ ਹਾਰੂਨ ਦੇ ਪ੍ਰਧਾਨ ਯਾਜਕੀ ਪਰਿਵਾਰ ਵਿੱਚੋਂ। ਉਸ ਲਈ ਵੰਸ਼ਾਵਲੀ ਦਾ ਨਾ ਹੋਣਾ ਇਸ ਗੱਲ ਤੇ ਜ਼ੋਰ ਦਿੰਦਾ ਹੈ ਕਿ ਜਿਹੜੀ ਗੱਲ ਬਾਈਬਲ ਵਿੱਚੋਂ ਨਹੀਂ ਮਿਲਦੀ ਉਸ ਨੂੰ ਸੱਚ ਹੋਣ ਦਾ ਦਾਅਵਾ ਨਾ ਕੀਤਾ ਜਾਵੇ। ਭਾਵੇਂ ਖ਼ੁਦਾ ਦੇ ਰਿਕਾਰਡ ਲਈ ਹੋਵੇ ਜਾਂ ਉਸ ਦੇ ਹੁਕਮ ਮੰਨਣ ਵਿਚ ਸਾਡੇ ਕੰਮਾਂ ਲਈ। ਇਸ ਗੱਲ ਦੀ ਤਸਦੀਕ ਕਰਨ ਲਈ ਲੇਖਕ ਨੇ **ਨਾ ਕੁਲਪੱਤਰੀ** ***agenealogētos*** ਸ਼ਬਦ ਦੀ ਵਰਤੋਂ ਕੀਤੀ, ਜਿਹੜਾ ਯੂਨਾਨੀ ਸਾਹਿਤ ਵਿਚ ਹੋਰ ਕਿਤੇ ਨਹੀਂ ਮਿਲਦਾ। ਉਸ ਨੇ ਲੇਵੀਆਂ ਦੀ ਯਾਜਕਾਈ ਅਤੇ ਮਸੀਹ ਦੀ ਯਾਜਕਾਈ ਲਈ ਜ਼ਰੂਰੀ ਗੈਰਵੰਸ਼ ਸ਼ਰਤ ਦੇ ਵਿਚ ਆਪਣੀ ਘਾਟ ਨੂੰ ਮਜ਼ਬੂਤ ਕਰਨ ਲਈ ਇਸ ਨੂੰ ਮਿਲਾਇਆ ਹੋ ਸਕਦਾ ਹੈ, ਜੋ ਕਿ

ਯਾਜਕਾਂ ਦੇ ਸਬੰਧ ਵਿਚ ਨਵਾਂ ਵਿਚਾਰ ਸੀ।

ਇਸ ਲਈ ਇਹ ਸਾਫ਼ ਸੀ ਕਿ ਮਲਕਿਸਿਦਕ ਦਾ *ਯਾਜਕਾਈ ਵਿਚ* **ਨਾ ਪਿਤਾ** ਅਤੇ **ਨਾ ਮਾਤਾ** ਸੀ। ਰੋਮੀ ਲੋਕ ਕਿਸੇ ਦੇ ''ਬਿਨਾਂ ਮਾਤਾ'' ਦੇ ਤਦ ਕਹਿੰਦੇ ਹਨ ਜੇਕਰ ਉਸ ਦੇ ਮਾਤਾ ਪਿਤਾ ਦਾ ਕੋਈ ਰਿਕਾਰਡ ਨਾ ਹੋਵੇ। ਯਹੂਦੀ ਲੋਕ ਜਿਨ੍ਹਾਂ ਦੇ ਮਾਤਾ ਪਿਤਾ ਦਾ ਪਤਾ ਨਹੀਂ ਹੁੰਦਾ ਸੀ ਜਾਂ ਜਿਨ੍ਹਾਂ ਦੀ ਕੁੱਲਪਤਰੀ ਨਾ ਮਿਲੇ ਉਨ੍ਹਾਂ ਨੂੰ ਬਿਨਾਂ ਮਾਤਾ ਜਾਂ ਪਿਤਾ ਦੇ ਕਹਿੰਦੇ ਸਨ।[7] ਰੱਬੀ ਇਸ ਤਰ੍ਹਾਂ ਕਹਿੰਦਾ ਹੈ ਕਿ ਯਹੂਦੀ ਬਣਨ ਵਾਲੇ ਗੈਰਕੌਮਾਂ ਦਾ ਕੋਈ ਪਿਤਾ ਨਹੀਂ ਸੀ।[8] ਜੋਸੇਫ਼ਸ ਨੇ ਆਪਣੇ ਪਾਠਕਾਂ ਨੂੰ ਦੱਸਿਆ ਕਿ ਉਹ ਯਾਜਕੀ ਪਰਿਵਾਰ ਵਿਚ ਜੰਮਿਆ ਸੀ ਅਤੇ ਇਸ ਨੂੰ ਸਰਕਾਰੀ ਰਿਕਾਰਡ ਨਾਲ ਸਾਬਿਤ ਕਰ ਸਕਦਾ ਸੀ।[9]

ਪੁਰਾਣੇ ਨੇਮ ਵਿਚ ਮਲਕਿਸਿਦਕ ਨੂੰ ਪਹਿਲਾ ਯਾਜਕ ਦੱਸਿਆ ਗਿਆ ਹੈ। ਇਸ ਕਿਆਫ਼ੇ ਨੂੰ ਕਿ ਉਹ ਮਨੁੱਖੀ ਰੂਪ ਵਿਚ ਮਸੀਹ ਸੀ ਇਸ ਗੱਲ ਨਾਲ ਕੱਢ ਦਿੱਤਾ ਜਾਂਦਾ ਹੈ ਕਿ ਉਹ **ਪਰਮੇਸ਼ੁਰ ਦੇ ਪੁੱਤਰ ਦੇ ਸਮਾਨ** ਸੀ; ਉਸ ਦੇ *ਸਮਾਨ* ਹੋਣ ਦੇ ਕਾਰਣ ਉਹ ਉਹੀ ਮਨੁੱਖੀ ਨਹੀਂ ਹੋ ਸਕਦਾ ਸੀ। ਉਹ ਸਿਰਫ਼ ਇਕ ''ਮਨੁੱਖ'' ਸੀ (ਆਇਤ 4)। ਮਲਕਿਸਿਦਕ ਖ਼ੁਦਾ ਦੇ ਪੁੱਤਰ ਦੇ ਸਮਾਨ ਸੀ ਪਰ ਉਹ ਖ਼ੁਦਾ ਦਾ ਪੁੱਤਰ ਨਹੀਂ ਸੀ। ਕਹਿਣ ਦਾ ਅਰਥ ਇਹ ਹੈ ਕਿ ਯਾਜਕਾਈ ਵਿਚ ਮਲਕਿਸਿਦਕ ਦੀ ਕੁਲਪੱਤਰੀ ਦਾ ਕੋਈ ਲੇਖਾ ਜੋਖਾ ਨਹੀਂ ਹੈ ਇਸ ਕਾਰਣ ਉਹ ਸਾਡੇ ਪ੍ਰਭੂ ਦੀ ਯਾਜਕਾਈ ਦੇ ਦ੍ਰਿਸ਼ਟਾਂਤ ਦੇ ਰੂਪ ਵਿਚ ਹੀ ਸੀ। ਉਹ ਲੇਵੀ ਦੇ ਕੁੱਲ ਵਿੱਚੋਂ ਨਹੀਂ ਸੀ ਪਰ ਅਬਰਾਹਾਮ ਵੱਲੋਂ ਉਸ ਨੂੰ ਸਿੱਧੇ ਹੀ ਯਾਜਕ ਮੰਨਿਆ ਗਿਆ, ਇਸ ਕਾਰਣ ਮਲਕਿਸਿਦਕ ਨੇ ਯਿਸੂ ਦੀ ਯਾਜਕਾਈ ਲਈ ਨਮੂਨਾ ਠਹਿਰਾ ਦਿੱਤਾ। ਲਗਭਗ ਅੱਧੀ ਸ਼ਤਾਬਦੀ ਦੇ ਬਾਅਦ ਜ਼ਬੂਰ 110:4 ਵਿਚ ਸੰਕੇਤ ਦਿੱਤਾ ਗਿਆ ਕਿ ਉਸ ਨਮੂਨੇ ਦੇ ਅਨੁਸਾਰ ਕਿਸੇ ਹੋਰ ਨੇ ਆਉਣਾ ਸੀ। ਸਾਡੇ ਪ੍ਰਭੂ ਦੇ ਯਾਜਕੀ ਮਾਤਾ ਪਿਤਾ ਨਾ ਹੋਣ ਕਰਕੇ ਉਸ ਨੂੰ ਸਾਡਾ ਪ੍ਰਧਾਨ ਯਾਜਕ ਹੋਣ ਦੇ ਅਯੋਗ ਨਹੀਂ ਠਹਿਰਾਇਆ ਗਿਆ।

ਉਹ **ਸਦਾ ਜਾਜਕ ਬਣਿਆ ਰਹਿੰਦਾ ਹੈ।** ''ਸਦਾ ਤੀਕ'' (7:17, 21) ਅਤੇ ''ਸਦਾ ਰਹਿੰਦਾ'' (7:3) ਦਾ ਅਰਥ ਹੈ, ਜਿਵੇਂ ਪੁਰਾਣੇ ਨੇਮ ਵਿਚ ਆਮ ਤੌਰ ਤੇ ਹੁੰਦਾ ਹੈ, ਉਸ ਪੂਰੇ ਕਾਲ ਲਈ ਜਿਸ ਵਿਚ ਇਹ ਸ਼ਬਦ ਲਾਗੂ ਹੁੰਦਾ ਹੈ। ਰੋਮੀ ਲੋਕ ਇਕ ਆਮ ਤਾਨਾਸ਼ਾਹ ਦੀ ਬਜਾਇ ''ਡਿਟੇਕਟਰ ਪਰਪੇਚੁਅਸ'' ਦੇ ਅਹੁਦੇ ਤੋਂ ਕਿਸੇ ਵੀ ਹੋਰ ਅਹੁਦੇ ਨਾਲ ਆਦਰਯੋਗ ਅਹੁਦੇ ਲਈ ਵਰਤਦੇ ਸਨ।[10] ਉਹ ਇਸ ਗੱਲ ਨੂੰ ਸਮਝਦੇ ਸਨ ਕਿ ਤਾਨਾਸ਼ਾਹ ਜਾਂ ਕੈਸਰ ਸਦਾ ਲਈ ਨਹੀਂ ਰਹਿ ਸਕਦੇ। ਪਰ ਕੋਈ ਨਮੂਨਾ ਰੋਮੀ ਰਾਜਾ ਦੇ ਸਮੇਂ ਨੂੰ ਸੀਮਤ ਨਹੀਂ ਕਰਦਾ, ਇਸ ਕਾਰਣ ਉਸ ਦੇ ਰਾਜ ਨੂੰ ''ਸਦਾ ਤੀਕ'' ਹੋਣ ਦੀ ਗੱਲ ਕਹੀ ਜਾਂਦੀ ਸੀ।

**ਆਇਤਾਂ 4-7.** ਪੂਰਬੀ ਰਾਜਿਆਂ ਨੂੰ ਜਿੱਤ ਕੇ ਅਤੇ ਲੂਤ ਅਤੇ ਉਸ ਦੇ ਪਰਿਵਾਰ ਨੂੰ ਵਾਪਸ ਲਿਆ ਕੇ **ਅਬਰਾਹਾਮ** ਹੇਬਰੋਨ ਨੂੰ ਵਾਪਸ ਜਾਂਦਿਆਂ ਯਰੂਸ਼ਲਮ ਦੇ ਨੇੜਲੇ ਇਲਾਕੇ ਵਿੱਚੋਂ ਦੀ ਲੰਘਿਆ (ਉਤਪਤ 14)। ਜਿੱਤ ਦਾ ਰੋਮਾਂਚ ਅਤੇ **ਲੁੱਟ** ਦਾ ਮਾਲ ਵਾਪਸ ਲਿਆਉਣ ਦੀ ਮਹਿਮਾ ਉਸ ਆਧਾਰ ਅਤੇ ਆਦਰ ਅੱਗੇ ਫਿੱਕਾ ਲਗਦਾ ਸੀ ਜਿਹੜਾ ਉਸ ਨੂੰ ਉਨ੍ਹਾਂ ਤੋਂ ਮਿਲਿਆ ਹੋਵੇਗਾ ਜਿਨ੍ਹਾਂ ਨੂੰ ਦਿੱਤਾ ਗਿਆ ਸੀ (ਆਇਤ 4)। ਬੇਸ਼ੱਕ ਉਸ ਵਕਤ ਉਹ ਆਪਣੇ ਇਲਾਕੇ ਦਾ ਸਭ ਤੋਂ ਜ਼ਿਆਦਾ ਇੱਜਤ ਪਾਉਣ ਵਾਲਾ ਮਨੁੱਖ ਸੀ। ਅਬਰਾਹਾਮ ਖ਼ੁਦਾ ਦੇ ਪ੍ਰਤੀ ਆਪਣਾ ਧੰਨਵਾਦ ਪਰਗਟ ਕਰਨਾ ਚਾਹੁੰਦਾ ਸੀ ਅਤੇ ਇਸ ਤਰ੍ਹਾਂ ਉਸ ਨੇ ਯਾਹਵੇਹ ਦੇ ਨੁਮਾਇੰਦੇ ਮਲਕਿਸਿਦਕ ''ਸਾਲੇਮ ਦਾ ਰਾਜਾ'' ਅਤੇ ''ਅੱਤ ਮਹਾਨ ਦਾ ਯਾਜਕ'' ਦੇ ਰਾਹੀਂ ਪ੍ਰਭੂ ਦੇ ਕੰਮ ਵਿਚ ਵੱਡਾ ਯੋਗਦਾਨ ਦੇ ਕੇ ਆਪਣੇ ਵੱਲੋਂ ਵੱਧੀਆ ਢੰਗ ਨਾਲ ਕੀਤਾ।[11] ਇਸ ਕੰਮ ਨਾਲ ਪਤਾ ਚੱਲਦਾ ਹੈ ਕਿ ਅਬਰਾਹਾਮ ਯਾਜਕ/ਰਾਜਾ ਨੂੰ ਖ਼ੁਦਾ ਦੇ ਸਾਹਮਣੇ ਆਪਣੇ ਤੋਂ ਉੱਡਾ ਮੰਨਦਾ ਸੀ (ਵੇਖੋ ਆਇਤ 7)। ਉਸ ਨੇ ਮਲਕਿਸਿਦਕ ਨੂੰ ਆਪਣੀ ਭੇਂਟ ਦੇ ਕੇ ਅਤੇ ਯਾਜਕ ਦੀ ਬਰਕਤ ਪਾ ਕੇ ਇਸ ਤਰ੍ਹਾਂ ਮੰਨਿਆ। ਉਸ ਨੂੰ ਉਸ ਮਨੁੱਖ ਦੀ ਮਹਾਨਤਾ ਦਾ

ਕਿਵੇਂ ਪਤਾ ਚੱਲਿਆ ਸ਼ਾਇਦ ਅਸੀਂ ਇਸ ਦਾ ਕਿਆਫ਼ਾ ਹੀ ਲਾ ਸਕਦੇ ਹਾਂ। ਉਸ ਨੂੰ ਕੋਈ ਮੁਕਾਸ਼ਫ਼ਾ ਦਿੱਤਾ ਗਿਆ ਹੋ ਸਕਦਾ ਹੈ ਜਾਂ ਉਸ ਨੂੰ ਆਮ ਤੌਰ ਤੇ ਪਤਾ ਹੋਵੇਗਾ ਕਿ ਮਲਕਿਸਿਦਕ ਯਾਜਕ ਦੇ ਰੂਪ ਵਿਚ ਖ਼ੁਦਾ ਦੀ ਸੇਵਾ ਕਰਦਾ ਹੈ।

ਅਬਰਾਹਾਮ ਨੇ **ਦਸੌਂਧ** (ਦਸਵਾਂ ਹਿੱਸਾ ) ਦੇਣਾ ਚੁਣਿਆ, ਜੋ ਪਹਿਲੇ ਸਮੇਂ ਤੋਂ ਖ਼ੁਦਾ ਨੂੰ ਦਿੱਤੀਆਂ ਜਾਣ ਵਾਲੀਆਂ ਭੇਂਟਾਂ ਸਨ।[12] ਮਲਕਿਸਿਦਕ ਨੇ ਦਸਵੰਧ ਨਹੀਂ ਮੰਗਿਆ ਸੀ ਪਰ ਉਸ ਨੇ ਉਸ ਨੂੰ ਕਿਰਪਾਮਈ ਢੰਗ ਨਾਲ ਲੈ ਲਿਆ ਅਤੇ ਬਦਲੇ ਵਿਚ ਅਬਰਾਹਾਮ ਨੂੰ ਬਰਕਤ ਦਿੱਤੀ। ਯਕੀਨਨ ਹੀ ਉਸ ਨੂੰ ਇਸ ਤਰ੍ਹਾਂ ਕਰਨ ਦਾ ਹੱਕ ਅਤੇ ਸਮਰੱਥਾ ਖ਼ੁਦਾ ਵੱਲੋਂ ਸੀ। ਖ਼ੁਦਾ ਦੇ ਪ੍ਰਤੀਨਿਧ ਦੇ ਰੂਪ ਵਿਚ ਮਲਕਿਸਿਦਕ ਨੂੰ ਹਰ ਸੱਚੇ ਭਗਤ ਤੋਂ ਦਸਵੰਧ ਲੈਣ ਦਾ ਹੱਕ ਸੀ, ਨਾ ਸਿਰਫ਼ ਉਸ ਦੇ ਆਪਣੇ ਲੋਕਾਂ ਤੋਂ। ਲੇਵੀ ਯਾਜਕਾਂ ਤੋਂ ਸਿਰਫ਼ ਇਸਰਾਏਲੀਆਂ ਨੂੰ ਭੇਂਟ ਲੈਣ ਦੀ ਆਗਿਆ ਸੀ।[13] ਇਹ ਹਾਰੂਨ ਦੀ ਯਾਜਕਾਈ ਨਾਲੋਂ ਮਲਕਿਸਿਦਕ ਦੀ ਯਾਜਕਾਈ ਤੋਂ ਮਹਾਨ ਹੋਣ ਦਾ ਇਕ ਸੰਕੇਤ ਹੈ। ਦਸਵੰਧ **ਲੇਵੀ ਦੀ ਸੰਤਾਨ** (ਲੇਵੀਆਂ) ਨੂੰ ਦਿੱਤਾ ਜਾਂਦਾ ਸੀ। ਕਿਉਂਕਿ ਉਹ ਖ਼ੁਦਾ ਦਾ ਨਿਯਮ ਸੀ (ਆਇਤ 5)। ਇਸ ਲਈ ਇਸ ਦੀ ਚੋਣ ਮਨੁੱਖ ਤੇ ਨਹੀਂ ਛੱਡੀ ਜਾਂਦੀ ਸੀ, ਸਗੋਂ ਖੁਦਾ ਵੱਲੋਂ ਇਸ ਦੀ ਸ਼ਰਤ ਰੱਖੀ ਗਈ ਸੀ। ਅਬਰਾਹਾਮ ਵੱਲੋਂ ਦਿੱਤਾ ਜਾਣ ਵਾਲਾ ਦਸਵੰਧ ਉਸ ਸਮੇਂ ਖ਼ੁਦਾ ਦੀ ਕਿਸੇ ਸਿੱਧੀ ਜਾਂ ਸਾਫ਼ ਆਗਿਆ ਦੇ ਬਿਨਾਂ ਲਗਦਾ ਹੈ। ਉਸ ਨੂੰ ਯਕੀਨਨ ਪਤਾ ਸੀ ਕਿ ਕਿੰਨਾ ਫੀਸਦੀ ਦਿੱਤਾ ਜਾਂਦਾ ਸੀ। ਮਲਕਿਸਿਦਕ ਨੇ ਦਸਵੰਧ ਨੂੰ ਲੈ ਲਿਆ ਕਿਉਂਕਿ ਉਸ ਨੂੰ ਖ਼ੁਦਾ ਦੇ ਨਾਲ ਆਪਣੀ ਸਥਿਤੀ ਦਾ ਪਤਾ ਸੀ।

**ਪਰ ਕੋਈ ਸ਼ੱਕ ਨਹੀਂ ਭਈ ਛੋਟੇ ਨੂੰ ਵੱਡੇ ਤੋਂ ਅਸੀਸ ਮਿਲਦੀ ਹੈ** (ਆਇਤ 7)। ਸ਼ਬਦ ਸੰਕੇਤ ਦਿੰਦੇ ਹਨ ਕਿ ਮਲਕਿਸਿਦਕ ਅਬਰਾਹਾਮ ਤੋਂ ਵੱਡਾ ਸੀ। ਜਦੋਂ ਕਿਸੇ ਛੋਟੇ ਮਨੁੱਖ ਨੇ ਜਿਵੇਂ ਕਿ ਯੋਆਬ ਨੇ ''ਬਾਦਸ਼ਾਹ ਨੂੰ ਧੰਨ ਆਖਿਆ'' (2 ਸਮੂਏਲ 14:22) ਤਾਂ ਲਗਦਾ ਹੈ ਕਿ ਉਹ ਹਾਕਮ ਦੇ ਪ੍ਰਤੀ ਆਦਰ ਅਤੇ ਇੱਜਤ ਨੂੰ ਵਿਖਾ ਰਿਹਾ ਸੀ। ਇਬਰਾਨੀਆਂ ਦੇ ਲੇਖਕ ਨੇ ਇਹ ਸਵਾਲ ਨਹੀਂ ਕਤਾ ਕਿ ਉਸ ਦੇ ਪਾਠਕਾਂ ਨੂੰ ਅਬਰਾਹਾਮ ਦੇ ਮਲਕਿਸਿਦਕ ਤੋਂ ਛੋਟਾ ਹੋਣ ਦੇ ਤਥ ਦੀ ਸਮਝ ਸੀ, ਭਾਵੇਂ ਅਬਰਾਹਾਮ **ਕੁਲਪਤੀ** (***patriarchēs***; ਆਇਤ 4) ਸੀ। ''ਕੁਲਪਤੀ'' ਅਹੁਦਾ ਅਬਰਾਹਾਮ ਦੀ ਮਹਾਨਤਾ ਨੂੰ ਵਿਖਾਉਂਦਾ ਹੈ; ਇਹ ਸੁਝਾਅ ਦਿੰਦਾ ਹੈ ਕਿ ਉਹ ਯਹੂਦੀ ਲੋਕਾਂ ਦੇ ਆਗੂ ਦੇ ਰੂਪ ਵਿਚ ਬੜਾ ਮਹੱਤਵਪੂਰਣ ਮਨੁੱਖ ਸੀ।[14] ਮਲਕਿਸਿਦਕ ਉਸ ''ਕੁਲਪਤੀ'' ਨਾਲੋਂ ਵੱਡਾ ਸੀ, ਇਸ ਕਾਰਣ ਉਸ ਦੀ ਯਾਜਕਾਈ (ਮਸੀਹ ਸਣੇ) ਉਸ ਯਾਜਕਾਈ ਨਾਲੋਂ ਵੱਡੀ ਹੋਣੀ ਸੀ, ਜਿਹੜੀ ਅਬਰਾਹਾਮ ਦੀ ਪੀੜ੍ਹੀ ਵਿੱਚੋਂ ਹੋਣੀ ਸੀ। ਇਸ ਤਰ੍ਹਾਂ ਇਬਰਾਨੀ ਪਾਠਕ ਯਿਸੂ ਵੱਲ ਵੇਖਣ ਦੇ ਇਲਾਵਾ ਲੇਵੀ ਯਾਜਕਾਈ ਤੇ ਨਿਰਭਰ ਨਹੀਂ ਰਹਿ ਸਕਦੇ ਸਨ।

ਅਬਰਾਹਾਮ ਦਾ ਮਲਕਿਸਿਦਕ ਤੋਂ ਅਸੀਸ ਲੈਣਾ ਉਸ ਪੁਰਖੇ ਅਤੇ ਉਸ ਦੀ ਸੰਤਾਨ ਦੇ ਕੰਮ ਹੋਣ ਦਾ ਹੋਰ ਸੰਕੇਤ ਸੀ। ਇਹ ਅਸੀਸ ਅਬਰਾਹਾਮ ਦੀ ਭਲਿਆਈ ਦੀ ਇੱਛਾ ਕਰਨ ਤੋਂ ਵੱਧ ਕੇ ਸੀ, ਕਿਉਂਕਿ ਇਸ ਤਰ੍ਹਾਂ ਦੀ ਅਸੀਸ ਤਾਂ ਕੋਈ ਵੀ ਦੇ ਸਕਦਾ ਸੀ। ਇਸ ਦੇ ਇਨਾਵਾ ਇਸ ਵਿਚ ਬਰਕਤ ਦੇਣ ਦੇ ਖ਼ੁਦਾ ਦੇ ਮਕਸਦ ਦਾ ਐਲਾਨ ਕਰਨ ਦੇ ਹੱਕ ਦਾ ਸੰਕੇਤ ਸੀ। ਪੁਰਖਿਆਂ ਦੇ ਯੁੱਗ ਵਿਚ ਇਸੇ ਉਦਾਹਰਣ ਨੂੰ ਮੰਨਦੇ ਹੋਏ ਇਸਹਾਕ ਅਤੇ ਯਾਕੂਬ ਨੇ ਨਬੂਵਤ ਦੀ ਈਸ਼ੁਰੀ ਦਿਸ਼ਾ ਵੱਲ ਆਪਣੇ ਬੱਚਿਆਂ ਨੂੰ ਬਰਕਤ ਦਿੱਤੀ (11:20, 21; ਵੇਖੋ ਉਤਪਤ 27; 49)। ਸ਼ਰ੍ਹਾ ਦੇ ਅਧੀਨ ਯਾਜਕ ਖ਼ੁਦਾ ਦੀਆਂ ਬਰਕਤਾਂ ਦਾ ਐਲਾਨ ਵੀ ਕਰ ਸਕਦੇ ਸਨ। ਅਬਰਾਹਾਮ ਨੂੰ ਦਿੱਤੀ ਗਈ ਬਰਕਤ ਓਸੇ ਨਾਲ ਮੇਲ ਖਾਧੀ ਹੋਵੇਗੀ। ਇਹ ਯਿਸੂ ਨੂੰ ਆਪਣੇ ਚੇਲਿਆਂ ਨੂੰ ਬਰਕਤ ਦੇਣ ਵਾਂਗ ਸੀ, ਜਿਹੜਾ ਕਿ ਉਨ੍ਹਾਂ ਲਈ ਖ਼ੁਦਾ ਨੂੰ ਸਿਰਫ਼ ਧੰਨਵਾਦ ਦੇਣ ਤੋਂ ਵੱਧ ਕੇ ਹੋਵੇਗਾ (ਲੂਕਾ 24:50, 51)।[15] ਮਲਕਿਸਿਦਕ ਦੇ ਵਾਂਗ ਹੀ ਜਿਸ ਨੇ ਵੱਡੇ ਹੋਣ ਦੇ ਕਾਰਣ ਅਬਰਾਹਾਮ ਨੂੰ ਜਿਹੜਾ ਛੋਟਾ ਸੀ ਬਰਕਤ ਦਿੱਤੀ, ਯਿਸੂ ਦੀ ਬਰਕਤ ਵੱਡੇ ਤੋਂ ਕਈ ਛੋਟੇ ਪਾਉਣ ਵਾਲਿਆਂ ਨੂੰ ਮਿਲੀ (ਆਇਤ 7)।

**ਆਇਤ 8.** ਬਾਈਬਲ ਵਿਚ ਮਲਕਿਸਿਦਕ ਦੀ ਮੌਤ ਜਾਂ ਯਾਜਕ ਦੇ ਰੂਪ ਵਿਚ ਉਸ ਦੇ ਅੰਤ ਦਾ ਕੋਈ ਲੇਖਾ ਜੋਖਾ ਨਹੀਂ ਹੈ। ਇਸ ਦੇ ਇਲਾਵਾ ਲੇਖਕ ਨੇ ਆਖਿਆ, **ਭਈ ਉਹ ਜੀਉਂਦਾ ਹੈ। ਸਾਖੀ ਦਿੱਤੀ ਜਾਂਦੀ ਹੈ** (*martureō*) ਉਤਪਤ ਦੀ ਕਿਤਾਬ ਵਿਚ ਪਾਏ ਜਾਣ ਵਾਲੇ ਵਚਨ ਵੱਲ ਧਿਆਨ ਦੁਆਉਂਦਾ ਹੈ। ਇਬਰਾਨੀਆਂ ਦੀ ਕਿਤਾਬ ਵਿਚ ਅਜਿਹੇ ਸੱਤ ਇਜ਼ਹਾਰਾਂ ਦੀ ਵਰਤੋਂ ਹੋਈ ਹੈ, ਜਿਨ੍ਹਾਂ ਵਿੱਚੋਂ ਦੋ ਪੁਰਾਣੇ ਨੇਮ ਦੀਆਂ ਗੱਲਾਂ ਹਨ (7:17; 10:15)। ਯਕੀਨਨ ਹੀ ਇੱਥੇ ਇਹੀ ਗੱਲ ਹੈ, ''ਨਾਜ਼ੁਕ ਯਾਦ ਦੁਆਉਂਦੇ ਹੋਏ ਲੇਖਕ ਆਪਣੀ ਗੱਲ ਦਾ ਅਧਾਰ ਕਿਸੇ ਪ੍ਰਮਾਣਿਕ ਸਰੋਤ ਨੂੰ ਬਣਾ ਰਿਹਾ ਹੈ।''[16]

ਮਲਕਿਸਿਦਕ ਦੀ ਮੌਤ ਦੀ ਗਵਾਹੀ ਦੇਣ ਦਾ ਲੇਖਾ ਜੋਖਾ ਦਾ ਨਾ ਹੋਣਾ ਲਵੀ ਪ੍ਰਬੰਧ ਦੇ ਬਿਲਕੁਲ ਉਲਟ ਹੈ। ਜਿੱਥੋਂ ਤਕ ਮਲਕਿਸਿਦਕ ਦਾ ਰਿਕਾਰਡ ਦੱਸਦਾ ਹੈ, ਉਹ ਹਮੇਸ਼ਾ ਜੀਉਂਦਾ ਹੈ। ਹਾਰੂਨ ਦੇ ਪ੍ਰਬੰਧ ਦੇ ਅਧੀਨ ਸੇਵਾ ਕਰਨ ਵਾਲੇ ਮਰ ਜਾਂਦੇ ਸਨ ਅਤੇ ਉਨ੍ਹਾਂ ਦੀ ਮੌਤ ਦਾ ਹਿਸਾਬ ਹੁੰਦਾ ਸੀ; ਪਰ ਮਲਕਿਸਿਦਕ ਦੇ ਪ੍ਰਬੰਧ ਦੇ ਅਧੀਨ ਰਹਿਣ ਵਾਲਿਆਂ ਨਾਲ ਇਸ ਤਰ੍ਹਾਂ ਨਹੀਂ ਹੈ (ਇਹ ਮੰਨਦੇ ਹੋਏ ਕਿ ਦੂਜੇ ਵੀ ਸਨ)। ਉਨ੍ਹਾਂ ਦੀ ਮੌਤ ਦੀ ਜਾਣਕਾਰੀ ਸਮੇਤ ਸ਼ਰ੍ਹਾ ਦੇ ਅਧੀਨ ਪ੍ਰਧਾਨ ਯਾਜਕਾਂ ਦੇ ਸਬੰਧ ਵਿਚ ਬੜੇ ਧਿਆਨ ਨਾਲ ਰਿਕਾਰਡ ਰੱਖਿਆ ਜਾਂਦਾ ਸੀ (1 ਇਤਿਹਾਸ 6:50–53)। ਇਸ ਤਰ੍ਹਾਂ ਦੇ ਰਿਕਾਰਡ ਰੱਖਣਾ ਜ਼ਰੂਰੀ ਸੀ ਕਿਉਂਕਿ ਯਾਜਕਾਈ ਲਈ ਹਾਰੂਨ ਦੇ ਪਰਿਵਾਰ ਅਤੇ ਲੇਵੀ ਦੀ ਸੰਤਾਨ ਦੀ ਕੁਲਪੱਤਰੀ ਦਾ ਹੋਣਾ ਜ਼ਰੂਰੀ ਸੀ। ਪਰ ਮਲਕਿਸਿਦਕ ਦੀ ਵੰਸ਼ਾਵਲੀ ਦਾ ਕੁਝ ਪਤਾ ਨਹੀਂ ਹੈ।

ਯਾਦ ਰੱਖੋ ਕਿ ਲੇਖਕ ਯਾਜਕੀ ਅਹੁਦੇ ਦੇ ਕੰਮ ਦੀ ਗੱਲ ਕਰ ਰਿਹਾ ਸੀ ਨਾ ਕਿ ਉਸ ਦੇ ਸਰੀਰਕ ਜ਼ਿੰਦਗੀ ਦੀ। ਇਸ ਸੰਸਾਰ ਵਿਚ, **ਮਰਨ ਵਾਲੇ ਮਨੁੱਖ ਦਸੌਂਧ ਲੈਂਦੇ ਹਨ**। ਬਾਈਬਲ ਮਲਕਿਸਿਦਕ ਦੀ ਮੌਤ ਦੀ ਕੋਈ ਗੱਲ ਨਹੀਂ ਦੱਸਦਾ ਇਸ ਕਾਰਣ ਉਸ ਦੀ ਯਾਜਕਾਈ ਯਿਸੂ ਲਈ ਬਿਲਕੁਲ ਸਹੀ ਪ੍ਰਤੀਕ ਹੈ, ਜਿਹੜਾ ਮਰਿਆ ਤਾਂ ਸੀ ਪਰ ਆਪਣੀ ਯਾਜਕਾਈ ਦੀ ਸਹੀ ਸ਼ੁਰੂਆਤ ਕਰਨ ਲਈ ਫੇਰ ਤੋਂ ਜੀ ਉੱਠਿਆ। ਬਾਈਬਲ ਇਸ ਗੱਲ ਦਾ ਰਿਕਾਰਡ ਅਤੇ ਗਵਾਹੀ ਦਿੰਦੀ ਹੈ ਕਿ ਉਹ ਜੀਉਂਦਾ ਹੈ! ਉਸ ਕੋਲ ਸਦੀਪਕ ਜੀਉਣ ਹੈ ਜਿਸ ਦਾ ਅਰਥ ਯਕੀਨੀ ਤੌਰ ਤੇ ਇਹ ਹੈ ਕਿ ਮਸੀਹ ਦੀ ਯਾਜਕਾਈ ਚਲਦੀ ਰਹਿੰਦੀ ਹੈ।

ਇੱਥੋਂ ਤਕ ਸਾਨੂੰ ਮਲਕਿਸਿਦਕ ਦੀ ਯਾਜਕਾਈ ਅਤੇ ਲੇਵੀਆਂ ਦੀ ਯਾਜਕਾਈ ਦੇ ਵਿਚ ਕੋਈ ਤੁਲਨਾ ਵੇਖਣ ਨੂੰ ਨਹੀਂ ਮਿਲਦੀ। ਜੇਕਰ ਅਬਰਾਹਾਮ ਮਲਕਿਸਿਦਕ ਤੋਂ ਛੋਟਾ ਸੀ ਤਾਂ ਲੇਵੀ ਦੀ ਯਾਜਕਾਈ ਮਲਕਿਸਿਦਕ ਦੀ ਯਾਜਕਾਈ ਤੋਂ ਛੋਟੀ ਸੀ। ''ਆਪਣੇ ਤਕਰ ਨੂੰ ਮੰਣਨ ਯੋਗ ਬਣਾਉਣ ਲਈ ਲੇਖਕ ਇੱਕੋ ਸਭ ਤੋਂ ਬੁਨਿਆਦੀ ਇਬਰਾਨੀ ਧਾਰਨਾਵਾਂ ਵਿੱਚੋਂ ਇਕ ਲਾਗੂ ਕਰਦਾ ਹੈ ਜਦੋਂ ਉਹ ਕਹਿੰਦਾ ਹੈ ਕਿ ਲੇਵੀ ਨੇ ਖੁਦ … ਅਬਰਾਹਾਮ ਦੇ ਰਾਹੀਂ ਦਸਵੰਧ ਦਿੱਤਾ।''[17]

**ਆਇਤਾਂ 9, 10. ਸੋ ਇਹ ਆਖ ਸੱਕਦੇ ਹਾਂ** (ਆਇਤ 9) ਕਿਸੇ ਹੈਰਾਨ ਕਰਨ ਵਾਲੇ ਪ੍ਰਤੀਕ ਵਚਨ ਨੂੰ ਸੀਮਤ ਕਰਨ ਅਤੇ ਗਲਤਫ਼ਹਿਮੀ ਨੂੰ ਦੂਰ ਕਰਨ ਲਈ ਯੂਨਾਨੀ ਲੇਖਕਾਂ ਵੱਲੋਂ ਵਰਤਿਆ ਜਾਣ ਵਾਲਾ ਆਮ ਇਜ਼ਹਾਰ ਸੀ।[18] ਬੇਸ਼ੱਕ ਲੇਵੀ ਅਸਲ ਵਿਚ **ਅਬਰਾਹਾਮ** ਦੀ **ਦੇਹ ਵਿਚ** ਨਹੀਂ ਸੀ; ਇਹ ਲੇਵੀ ਨੂੰ ਅਬਰਾਹਾਮ ਦੀ ਸੰਤਾਨ ਦੇ ਰੂਪ ਵਿਚ ਦੱਸਣ ਦਾ ਇਕ ਢੰਗ ਸੀ। ਅਤੇ ਸਹੀ ਤਰੀਕੇ ਨਾਲ ਇਸ ਦਾ ਅਨੁਵਾਦ ''ਅਜੇ ਇਸ ਦਾ ਜਨਮ ਹੋਣਾ ਸੀ'' ਹੋ ਸਕਦਾ ਹੈ।[19] ਅਬਰਾਹਾਮ ਯਹੂਦੀ ਪਰਿਵਾਰ ਦਾ ਪ੍ਰਤੀਨਿਧ ਮੁੱਖਿਆ ਸੀ, ਇਸ ਤਰ੍ਹਾਂ ਇਕ ਅਰਥ ਵਿਚ ਉਸ ਦੇ ਕੀਤੇ ਹੋਏ ਕੰਮ ਉਸ ਦੀ ਸੰਤਾਨ ਦੇ ਕੰਮ ਹੀ ਮੰਨੇ ਗਏ। ਇਹ ਰੋਮੀਆਂ 5:12–14 ਅਤੇ 1 ਕੁਰਿੰਥੀਆਂ 15:22 ਵਿਚ ਆਦਮ ਦੇ ਸਬੰਧ ਵਿਚ ਵਰਤਿਆ ਗਿਆ ਲਗਦਾ ਹੈ। ਐਲਬਰਟ ਬਾਰਨਸ ਨੇ ਇੰਗਲੀਸ ਕਾਮਨ ਲਾ ਤੋਂ ਇਹ ਉਦਾਹਰਣ ਦਿੱਤਾ: ''ਇਹ ਤੱਕ ਕਿ ਦੂਰ ਦੇ ਪੂਰਵਜ ਨੇ ਕਿਸੇ ਦੂਜੀ ਸਰੇਣੀ ਜਾਂ ਅਹੁਦੇ ਵਾਲੇ ਜਨਮ ਨੂੰ ਸ਼ਰਧਾਂਜਲੀ ਜਾਂ ਆਦਰ ਜਾਂ ਇਮਾਨਦਾਰੀ ਵਿਖਾਈ, ਪਰਿਵਾਰ ਵਿਚ ਛੋਟਾ ਹੋਣ ਦੇ ਰੂਪ ਵਿਚ ਮੰਨਿਆ ਜਾਂਦਾ ਸੀ ਅਤੇ ਇਸ ਦੀ ਵਰਤੋਂ ਤਰਕ ਵਿਚ ਜ਼ੋਰ ਅਤੇ ਸ਼ੁੱਧਤਾ ਨਾਲ ਵਰਤਿਆ

ਜਾ ਸਕਦਾ ਹੈ।''[20] ਇਸੇ ਤਰ੍ਹਾਂ ਉਸ ਨੇ ਲਿਖਿਆ ਕਿ ਜੇਕਰ ਕਿਸੇ ਪਿਤਾ ਨੇ ਜਮੀਨ ਦਾ ਟੁਕੜਾ ਵੇਚ ਦਿੱਤਾ ਹੋਵੇ ਤਾਂ ਇਹ ਇਸੇ ਤਰ੍ਹਾਂ ਹੋਵੇਗਾ ਜਿਵੇਂ ਵਾਰਸ ਨੇ ਆਪ ਵੇਖਿਆ ਹੋਵੇ।

ਇਸ ਚਰਚਾ ਵਿਚ ਅਸਲੀ ਫ਼ਰਕ **ਮਲਕਿਸਿਦਕ** ਦੀ ਅਤੇ ਲੇਵੀ ਦੀ ਯਾਜਕਾਈ ਦੇ ਪ੍ਰਬੰਧ ਵਿਚ ਹੈ, ਜਿਸ ਵਿਚ ਹਾਰੂਨ ਛੋਟੀ ਸੰਤਾਨ ਸੀ। ਇਬਰਾਨੀਆਂ ਦੀ ਕਿਤਾਬ ਵਿਚ ਮਹੱਤਵਪੂਰਣ ਗੱਲ ਮਲਕਿਸਿਦਕ ਦੀ ਯਾਜਕਾਈ/ਰਾਜਾ ਹੋਣ ਦੀ ਨਹੀਂ ਸਗੋਂ ਮਸੀਹ ਅਤੇ ਖ਼ੁਦਾ ਦੀ ਯੋਜਨਾ ਵਿਚ ਆਪਣੀ ਭੂਮਿਕਾ ਦੀ ਹੈ।

ਸਹੀ ਸਹੀ ਤਰਕ ਇਹ ਦਿੱਤਾ ਜਾ ਸਕਦਾ ਹੈ ਕਿ ਅਬਰਾਹਾਮ ਖ਼ੁਦ ਇਸ ਗੱਲ ਵਿਚ ਯਾਜਕ ਸੀ ਕਿ ਉਹ ਬਲੀਦਾਨ ਭੇਂਟ ਕਰਦਾ ਰਹਿੰਦਾ ਅਤੇ ਖ਼ੁਦਾ ਨਾਲ ਉਸ ਦੀ ਗੱਲਬਾਤ ਹੁੰਦੀ ਰਹਿੰਦੀ ਸੀ। ਤਾਂ ਵੀ ਉਸ ਨੇ ਮਲਕਿਸਿਦਕ ਨੂੰ ਆਪਣੇ ਤੋਂ ਵੱਡਾ ਮੰਨਿਆ। ਇਸ ਦੇ ਇਲਾਵਾ ਜਿਵੇਂ ਕਿ ਬਾਅਦ ਵਿਚ ਇਬਰਾਨੀਆਂ ਦੀ ਕਿਤਾਬ ਵਿਚ ਯਾਜਕਾਂ ਦੀ ਭੂਮਿਕਾ ਤੋਂ ਸੰਕੇਤ ਮਿਲਿਆ, ਅਬਰਾਹਾਮ ਨੇ ਹੋਰ ਲੋਕਾਂ ਅਤੇ ਖ਼ੁਦਾ ਦੇ ਵਿਚਕਾਰ ਵਿਚੋਲੇ ਦਾ ਕੰਮ ਕੀਤਾ। ਇਹ ਉਸ ਦੇ ਆਪਣੇ ਭਤੀਜੇ ਲੂਤ ਦੇ ਲਈ ਖ਼ੁਦਾ ਦਾ ਸਮਰਥਨ ਮੰਗਣ ਨਾਲ ਸੁਝਾਇਆ ਜਾਂਦਾ ਹੈ (ਉਤਪਤ 18:22–33)।

ਨਵੇਂ ਨੇਮ ਦੇ ਅਧੀਨ ਮਸੀਹੀ ਲੋਕ ਮਸੀਹ ਦੇ ਰਾਜ ਵਿਚ ਯਾਜਕ ਹਨ ਅਤੇ ਉਨ੍ਹਾਂ ਨੂੰ ''ਆਤਮਕ ਬਲੀਦਾਨ'' ਚੜ੍ਹਾਉਣਾ ਜ਼ਰੂਰੀ ਹੈ (1 ਪਤਰਸ 2:5; ਵੇਖੋ ਪ੍ਰਕਾਸ਼ ਦੀ ਪੋਥੀ 1:6; 5:10)। ''ਪਵਿੱਤਰ ਲੋਕਾਂ'' ਦੇ ਰੂਪ ਵਿਚ ਸਾਰੇ ਮਸੀਹੀ ਬਰਾਬਰ ਹਨ, ਜਿਨ੍ਹਾਂ ਵਿਚ ਕੋਈ ਵੀ ਇਕ ਦੂਜੇ ਨਾਲ ਵੱਡਾ ਨਹੀਂ ਹੈ। ਸਿਰਫ਼ ਸੇਵਾ ਹੀ ਕਿਸੇ ਨੂੰ ਖ਼ੁਦਾ ਦੀ ਨਜ਼ਰ ਵਿਚ ਵੱਡਾ ਬਣਾ ਸਕਦੀ ਹੈ (ਮੱਤੀ 20:25–28)। ਭਾਵੇਂ ਅਸੀਂ ਯਾਜਕ ਹਾਂ ਪਰ ਸਾਨੂੰ ਸਾਰਿਆਂ ਨੂੰ ਆਪਣੀਆਂ ਦੁਆਵਾਂ ਨੂੰ ਪ੍ਰਭਾਵਸ਼ਾਲੀ ਬਣਾਉਣ ਲਈ ਸਾਡੇ ਵਿਚੋਲੇ ਮਸੀਹ ਦੀ ਮਦਦ ਦੀ ਲੋੜ ਹੈ (ਇਬਰਾਨੀਆਂ 4:14–16; 7:25)।

## ਮਲਕਿਸਿਦਕ ਦੀ ਪਦਵੀ ਦੇ ਅਨੁਸਾਰ ਮਸੀਹ ਦੀ ਯਾਜਕਾਈ (7:11-22)

11ਸੋ ਜੇ ਲੇਵੀ ਵਾਲੀ ਜਾਜਕਾਈ ਨਾਲ ਜਿਹ ਦੇ ਹੁੰਦਿਆਂ ਕੌਮਾਂ ਨੂੰ ਸ਼ਰਾ ਮਿਲੀ ਸੀ ਸੰਪੂਰਨਤਾਈ
ਪਰਾਪਤ ਹੁੰਦੀ ਤਾਂ ਫੇਰ ਕੀ ਲੋੜ ਸੀ ਜੋ ਮਲਕਿਸਿਦਕ ਦੀ ਪਦਵੀ ਦੇ ਅਨੁਸਾਰ ਕੋਈ ਹੋਰ ਜਾਜਕ
ਉੱਠਦਾ ਅਤੇ ਹਾਰੂਨ ਦੀ ਪਦਵੀ ਦੇ ਅਨੁਸਾਰ ਨਾ ਗਿਣਿਆ ਜਾਂਦਾ? 12ਕਿਉਂਕਿ ਜਦੋਂ ਜਾਜਕਾਈ
ਬਦਲੀ ਗਈ ਤਾਂ ਸ਼ਰਾ ਦਾ ਵੀ ਬਦਲਣਾ ਅਵੱਸ਼ ਹੈ। 13ਕਿਉਂਕਿ ਜਿਹ ਦੇ ਵਿਖੇ ਏਹ ਗੱਲਾਂ ਕਹੀਆਂ
ਜਾਂਦੀਆਂ ਹਨ ਉਹ ਕਿਸੇ ਹੋਰ ਗੋਤ ਦਾ ਹੈ ਜਿਸ ਵਿੱਚੋਂ ਜਗਵੇਦੀ ਦੇ ਅੱਗੇ ਕਿਨੇ ਸੇਵਾ ਨਹੀਂ ਕੀਤੀ।
14ਕਿਉਂ ਜੋ ਇਹ ਪਰਗਟ ਹੈ ਭਈ ਸਾਡਾ ਪ੍ਰਭੂ ਯਹੂਦਾਹ ਵਿੱਚੋਂ ਨਿੱਕਲਿਆ ਜਿਸ ਗੋਤ ਲਈ ਮੂਸਾ
ਨੇ ਜਾਜਕਾਂ ਦੇ ਵਿਖੇ ਕੁਝ ਨਹੀਂ ਆਖਿਆ। 15ਅਤੇ ਜਦੋਂ ਮਲਕਿਸਿਦਕ ਦੇ ਸਮਾਨ ਇਕ ਹੋਰ ਜਾਜਕਾਂ
ਉੱਠਿਆ ਹੈ। 16ਜਿਹੜਾ ਸਰੀਰ ਦੇ ਸਰਬੰਧੀ ਹੁਕਮ ਦੇ ਅਨੁਸਾਰ ਨਹੀਂ ਪਰ ਅਵਨਾਸੀ ਜੀਵਨ ਦੀ
ਸ਼ਕਤੀ ਦੇ ਅਨੁਸਾਰ ਬਣਿਆ ਹੈ ਤਾਂ ਸਾਡਾ ਕਹਿਣਾ ਹੋਰ ਵੀ ਸਾਫ਼ ਹੁੰਦਾ ਹੈ। 17ਕਿਉਂ ਜੋ ਇਹ ਸਾਖੀ
ਦਿੱਤੀ ਹੋਈ ਹੈ,

''ਤੂੰ ਮਲਕਿਸਿਦਕ ਦੀ ਪਦਵੀ ਦੇ ਅਨੁਸਾਰ ਸਦਾ ਤੀਕ ਦਾ ਜਾਜਕ ਹੈਂ।''

18ਅਗਲਾ ਹੁਕਮ ਨਤਾਣਾ ਅਤੇ ਨਿਸਫਲ ਹੋਣ ਕਰਕੇ ਰੱਦੀ ਹੋ ਜਾਂਦਾ ਹੈ। 19ਕਿਉਂਕਿ ਸ਼ਰਾ ਨੇ ਕੁਝ
ਭੀ ਸੰਪੂਰਨ ਨਹੀਂ ਕੀਤਾ, ਅਤੇ ਉਹ ਦੇ ਥਾਂ ਉਸ ਨਾਲੋਂ ਇਕ ਚੰਗੀ ਆਸਾ ਰੱਖੀ ਪਈ ਹੈ ਜਿਹ ਦੇ
ਰਾਹੀਂ ਅਸੀਂ ਪਰਮੇਸ਼ੁਰ ਦੇ ਨੇੜੇ ਅੱਪੜਦੇ ਹਾਂ। 20ਅਤੇ ਇਹ ਬਿਨਾ ਸੌਂਹ ਖਾਧੇ ਨਾ ਬਣਿਆ। 21ਕਿਉਂ

ਜੋ ਉਹ ਬਿਨਾ ਸੌਂਹ ਖਾਧੇ ਜਾਜਕ ਬਣੇ ਹਨ ਪਰ ਇਹ ਸੌਂਹ ਖਾਣ ਨਾਲ ਓਸ ਤੋਂ ਬਣਿਆ ਜਿਸ ਉਸ ਨੂੰ ਆਖਿਆ,

''ਪ੍ਰਭੂ ਨੇ ਸੌਂਹ ਖਾਧੀ,
ਅਤੇ ਉਹ ਨਹੀਂ ਬਦਲੇਗਾ,
ਤੂੰ ਸਦਾ ਤੀਕ ਦਾ ਜਾਜਕ ਹੈਂ।''

22ਸੋ ਯਿਸੂ ਇਕ ਹੋਰ ਵੀ ਉੱਤਮ ਨੇਮ ਦਾ ਜਾਮਨ ਬਣਿਆ।

ਇਬਰਾਨੀਆਂ 7:11–22 ਇਸ ਇਤਰਾਜ਼ ਦੇ ਜਵਾਬ ਵਿਚ ਲਿਖਿਆ ਗਿਆ ਹੋ ਸਕਦਾ ਹੈ ਕਿ ਯਿਸੂ ਯਾਜਕ ਨਹੀਂ ਹੋ ਸਕਦਾ ਕਿਉਂਕਿ ਉਸ ਦੀ ਕੁਲਪੱਤਰੀ ਗਲਤ ਸੀ। ਖ਼ੁਦਾਈ ਪ੍ਰੇਰਣਾ ਪਾਏ ਹੋਏ ਇਬਰਾਨੀਆਂ ਦੇ ਲੇਖਕ ਨੇ ਇਕ ਵਚਨ ਜ਼ਬੂਰ 110:4 ਦੀ ਵਰਤੋਂ ਕੀਤੀ, ਜਿਸ ਵਿਚ ਨਬੂਵਤ ਕੀਤੀ ਗਈ ਸੀ ਕਿ ਨਵੇਂ ਨੇਮ ਵਿਚ ਨਵੀਂ ਯਾਜਕਾਈ ਹੈ। ਪਹਿਲੀ ਸਦੀ ਦੇ ਪਾਠਕਾਂ ਨੂੰ ਲਗਦਾ ਹੋਵੇਗਾ ਕਿ ਨਵੀਂ ਯਾਜਕਾਈ ਪੁਰਾਣੀ ਯਾਜਕਾਈ ਦੇ ਨਾਲ ਨਾਲ ਰਹਿ ਸਕਦੀ ਹੈ; ਇਬਰਾਨੀਆਂ ਦੀ ਕਿਤਾਬ ਲਿਖੇ ਜਾਣ ਤਕ ਉਨ੍ਹਾਂ ਨੂੰ ਇਹ ਨਹੀਂ ਪਤਾ ਸੀ ਕਿ ਯਾਂਜਕਾਈ ਦਾ ਥਾਂ ਮਸੀਹ ਦੀ ਯਾਜਕਾਈ ਨੇ ਲੈ ਲਿਆ ਸੀ।

ਆਇਤਾਂ 11, 12. ਜਾਜਕਾਈ ਬਦਲੀ ਗਈ (ਆਇਤ 12) ਦੀ ਧਾਰਣਾ ਨਾਲ ਮਸੀਹੀਅਤ ਬਾਰੇ ਯਹੂਦੀਆਂ ਵਿਚ ਵਿਰੋਧ ਪੈਦਾ ਹੋ ਗਿਆ। ਲੰਮੇ ਸਮੇਂ ਤੋਂ ਉਨ੍ਹਾਂ ਦੀ ਵਫ਼ਾਦਾਰ ਮੰਨੀ ਜਾਣ ਵਾਲੀ **ਸ਼ਰ੍ਹਾ** ਨੂੰ ਬਦਲੇ ਜਾਣ ਨੂੰ ਮੰਨਣਾ ਸਹਿਣ ਕਰਨ ਤੋਂ ਬਾਹਰ ਸੀ।

ਨਵੀਂ ਯਾਜਕਾਈ ਨੇ ਪੁਰਾਣੀ ਯਾਜਕਾਈ ਦਾ ਥਾਂ ਲੈ ਕੇ ਉਹ ਭਾਵ **ਸੰਪੂਰਨਤਾਈ** ਦੁਆਉਣੀ ਸੀ, ਜਿਹੜੀ ਪੁਰਾਣੀ ਯਾਜਕਾਈ ਦੁਆ ਸਕਦੀ (ਆਇਤ 11)। ਅਜਿਹੀ ਸਿੱਧਤਾ ਵਿਚ ਮਨੁੱਖ ਦੀ ਮਸੀਹ ਦੇ ਰਾਹੀਂ ਖ਼ੁਦਾ ਤਕ ਪਹੁੰਚ ਮਿਲਣੀ ਸੀ। ਇੱਥੇ ਅਸੀਂ ਇਬਰਾਨੀਆਂ ਦੀ ਕਿਤਾਬ ਦੀ ਮੁੱਖ ਗੱਲ ਨੂੰ ਵੇਖਦੇ ਹਾਂ ਕਿ ਖ਼ੁਦਾ ਤਕ ਜਾਣ ਦਾ ਕੋਈ ਹੋਰ ਰਾਹ ਨਹੀਂ ਹੈ (ਯੂਹੰਨਾ 14:6)।

''ਸੰਪੂਰਨਤਾਈ'' (*teleiōsis*) ਦਾ ਚਾਹੀ ਅਤੇ ਪਾਈ ਗਈ ਮੰਜ਼ਿਲ ਭਾਵ ਸੰਪੂਰਣਤਾ ਜਾਂ ਸਿੱਧਤਾ ਦਾ ਕੋਈ ਸੰਕੇਤ ਨਹੀਂ ਹੈ ਜੋ ਪੁਰਾਣੇ ਨੇਮ ਵਿਚ ਨਹੀਂ ਸੀ। ਯਹੂਦੀ ਲੋਕ ਮੰਨਦੇ ਸਨ ਕਿ ਸਿੱਧਤਾ **ਲੇਵੀ ਵਾਲੀ ਜਾਜਕਾਈ** ਦੇ ਰਾਹੀਂ ਪਾਈ ਜਾ ਸਕਦੀ ਸੀ ਅਤੇ ਇਸ ਕਾਰਣ ਦੋਹਾਂ ਨੂੰ ਵੱਖ ਨਹੀਂ ਕੀਤਾ ਜਾ ਸਕਦਾ ਸੀ। ਅਸਲ ਵਿਚ ਸ਼ਰ੍ਹਾ ਦਾ ਅਧਾਰ ਲੇਵੀ ਅਹੁਦੇ ਦੀ ਯਾਜਕਾਈ ਹੀ ਸੀ। ਸਾਡੇ ਵਚਨ ਪਾਠ ਤੋਂ ਪਤਾ ਚੱਲਦਾ ਹੈ ਕਿ ਬਲੀਦਾਨਾਂ ਦੇ ਪੁਰਾਣੇ ਨੇਮ ਦਾ ਪ੍ਰਬੰਧ ਅਨੁਸਾਰ ਉਨ੍ਹਾਂ ਦਾ ਵਿਚਾਰ ਭਰਮ ਪਾਉਣ ਵਾਲਾ ਸੀ ਕਿ ਸ਼ਰ੍ਹਾਂ ਦੇ ਅਧੀਨ ਕੀਤੇ ਜਾਣ ਵਾਲੇ ''ਵਹਿੜਕਿਆਂ ਅਤੇ ਬੱਕਰਿਆਂ ਦਾ ਲਹੂ'' ਦੀਆਂ ਭੇਟਾਂ ਦੇ ਬਲਿਦਾਨਾਂ ਦੇ ਰਾਹੀਂ ਪਾਪ ਮਾਫ਼ ਨਹੀਂ ਹੋ ਸਕਦੇ ਸਨ (10:4)।

''ਸੰਪੂਰਨਤਾਈ'' ਦਾ ਅਰਥ ਪਾਪ ਰਹਿਤ ਸਿੱਧਤਾ ਜਾਂ ਪਾਪ ਕਰਨ ਦੀ ਹਰ ਇੱਛਾ ਉੱਤੇ ਪੂਰੀ ਤਰ੍ਹਾਂ ਨਾਲ ਕਾਬੂ ਪਾ ਲੈਣਾ ਨਹੀਂ ਸਗੋਂ ਇਸ ਦਾ ਅਰਥ ਸਾਫ਼ ਤੌਰ ਤੇ ਪਾਪਾਂ ਦੀ ਪੂਰੀ ਤਰ੍ਹਾਂ ਨਾਲ ਮਾਫ਼ੀ ਹੈ। ਜੇਕਰ ਮੁਕਤੀ ਲੇਵੀਆਂ ਦੇ ਪ੍ਰਬੰਧ ਨਾਲ ਮਿਲ ਸਕਦੀ ਤਾਂ ਖ਼ੁਦਾ ਨੇ ਦਾਊਦ ਦੇ ਸਮੇਂ ਕਿਉਂ ਆਖਿਆ ਕਿ ਇਕ ਹੋਰ ਯਾਜਕਾਈ ਅਹੁਦਾ ਸ਼ੁਰੂ ਹੋਵੇਗਾ (ਵੇਖੋ ਜ਼ਬੂਰ 110:4)? ਇਸ ਨਾਲ ਯਹੂਦੀ ਯਾਜਕ ਵਿਚ ਆਈ ਕਮੀ ਦਾ ਪਤਾ ਚੱਲਦਾ ਹੈ। ਨਵੀਂ ਯਾਜਕਾਈ ਯਹੂਦੀਵਾਦ ਦੇ ਮੁੱਖ ਵਿਸ਼ਵਾਸ ਉੱਤੇ ਵਾਰ ਸੀ! ਲੋਕ ਇਹ ਮੰਨ ਬੈਠੇ ਸਨ ਕਿ ''ਯਾਜਕਾਈ ਨਾਲ ਸਬੰਧਿਤ ਨੇਮ ਸਦਾ ਲਈ ਮੰਨਣ ਯੋਗ ਹਨ।''[21]

ਇਹ ਵਿਖਾਉਂਦੇ ਹੋਏ ਕਿ ਇਹ ਜੀਵਨ ਨਹੀਂ ਦੁਆ ਸਕਦੀ ਸੀ ਪੌਲੁਸ ਨੇ ਸ਼ਰ੍ਹਾ ਦੇ ਸਬੰਧ ਵਿਚ

ਇਸੇ ਤਰ੍ਹਾਂ ਤਰਕ ਦਿੱਤਾ (ਗਲਾਤੀਆਂ 3:21; ਵੇਖੋ 2:21)। ਅਸਲ ਵਿਚ ਇਸਰਾਏਲ ਦੇ ਇਤਿਹਾਸ ਵਿਚ ਸਭ ਤੋਂ ਧਰਮੀ ਲੋਕ ਵੀ ਆਪਣੇ ਆਪ ਨੂੰ ਸਿੱਧ ਨਹੀਂ ਬਣਾ ਸਕਦੇ ਸਨ (ਇਬਰਾਨੀਆਂ 11:40)। ਮਸੀਹ ਇਸ ਸਮੱਸਿਆ ਦਾ ਇੱਕੋ ਇਕ ਹੱਲ ਹੈ (ਰੋਮੀਆਂ 7:7–25)। ਸ਼ਰ੍ਹਾ ਵਿਚ ਇਸ ਹਾਲਾਤ ਦਾ ਕੋਈ ਕੋਈ ਹੱਲ ਨਹੀਂ ਸੀ ਕਿਉਂਕਿ ਇਸ ਦਾ ਭਾਰ ਪਾਪਾਂ ਤੋਂ ਛੁਟਕਾਰਾ ਦੁਆਉਣ ਦੀ ਬਜਾਇ ਪਾਪ ਦੇ ਪ੍ਰਤੀ ਜਾਗਰੂਕਤਾ ਵਧਾ ਰਹੀ ਸੀ (ਗਲਾਤੀਆਂ 3:19)।

ਲੇਵੀ ਯਾਜਕਾਈ ਨੂੰ ਮੂਸਾ ਦੀ ਸ਼ਰ੍ਹਾ ਨਾਲੋਂ ਵੱਖ ਨਹੀਂ ਕੀਤਾ ਜਾ ਸਕਦਾ ਸੀ, ਇਸ ਕਾਰਣ ਦੂਜਿਆਂ ਨੂੰ ਬੂਰੀ ਤਰ੍ਹਾਂ ਪ੍ਰਭਾਵਿਤ ਕੀਤੇ ਬਿਨਾਂ ਇਕ ਨੂੰ ਬਦਲਿਆ ਨਹੀਂ ਜਾ ਸਕਦਾ ਸੀ। ਸ਼ਰ੍ਹਾ ਲਈ ਯਾਜਕਾਈ ਦਾ ਹੋਣਾ ਜ਼ਰੂਰੀ ਸੀ: ''ਸ਼ਰ੍ਹਾ ਬਿਨਾਂ [ਯਾਜਕਾਈ ਦੇ] ਕੰਮ ਕਰ ਸਕਦੀ ਸੀ।''[22] ਅਸਲ ਵਿਚ ਸ਼ਰ੍ਹਾ ਲੇਵੀ ਯਾਜਕਾਈ ਦੇ ਅਧਾਰ ਤੇ ਦਿੱਤੀ ਗਈ ਸੀ (ਆਇਤ 11), ਕਿਉਂਕਿ ਯਾਜਕਾਈ ਸੀਨਈ ਪਹਾੜ ਉੱਤੇ ਸ਼ਰ੍ਹਾ ਦਿੱਤੇ ਜਾਣ ਤੋਂ ਪਹਿਲਾਂ ਸਥਾਪਿਤ ਹੋ ਗਈ ਸੀ।

ਮਨੁੱਖੀ ਨਜ਼ਰੀਏ ਤੋਂ ਲਗਦਾ ਹੈ ਕਿ ਖ਼ੁਦਾ ਇਕ ਵੱਖਰੀ ਯਾਜਕਾਈ ਵਾਲਾ ਇਕ ਹੋਰ ਪ੍ਰਬੰਧ ਦੇਣ ਲਈ ਆਪਣੀ ਸ਼ਰ੍ਹਾ ਨੂੰ ਬਦਲ ਸਕਦਾ ਸੀ। ਪਰ ਖ਼ੁਦਾ ਦਾ ਢੰਗ ਆਇਤ 14 ਵਿਚ ਵੇਖਣ ਨੂੰ ਮਿਲਦਾ ਹੈ। ਨਵੀਂ ਯਾਜਕਾਈ ਲਈ ਤਰਕਸੰਗਤ ਰੂਪ ਵਿਚ ਇਕ ਨਵੇਂ ਨੇਮ ਦੀ ਲੋੜ ਸੀ। ਯਾਜਕਾਈ ਸ਼ਰ੍ਹਾ ਦਾ ਅਧਾਰ ਅਤੇ ਢਾਂਚਾ ਸੀ, ਇਸ ਕਾਰਣ ਜਾਂ ਤਾਂ ਦੋਵੇਂ ਰਹਿੰਦੀਆਂ ਜਾਂ ਦੋਵੇਂ ਡਿੱਗ ਜਾਂਦੀਆਂ (ਆਇਤ 12)। ਯਹੂਦੀਵਾਦ ਦੇ ਲੰਘ ਜਾਣ ਅਤੇ ਅਧੂਰੇ ਧਰਮੀ ਠਹਿਰਾਏ ਜਾਣ ਦੇ ਇਸ ਦੇ ਪ੍ਰਬੰਧ ਨਾਲ ਸਬੰਧਿਤ ਨਵੇਂ ਨੇਮ ਵਿਚ ਦਿੱਤੀ ਗਈ ਇਹ ਸਭ ਤੋਂ ਵਧੀਆ ਵਿਆਖਿਆ ਹੈ। ਇਸ ਦਾ ਅੰਦਾਜ਼ਾ ਕਲੀਸੀਆ ਦੀ ਸ਼ੁਰੂਆਤ ਤੋਂ ਹੀ ਸਾਫ਼ ਸੀ, ਜਿਵੇਂ ਕਿ ਮਹਾਂਸਭਾ ਦੇ ਦੋਸ਼ ਵਿਚ ਇਸ ਨੂੰ ਸਮਝਾਇਆ ਗਿਆ ਹੈ: ''ਅਸਾਂ ਤਾਂ ਉਹ ਨੂੰ ਇਹ ਆਖਦੇ ਸੁਣਿਆ ਹੈ ਕਿ ਇਹ ਯਿਸੂ ਨਾਸਰੀ ਇਸ ਅਸਥਾਨ ਨੂੰ ਢਾਹ ਦੇਊਗਾ ਅਤੇ ਜਿਹੜੀਆਂ ਰੀਤਾਂ ਮੂਸਾ ਨੇ ਸਾਨੂੰ ਸੌਂਪੀਆਂ ਉਨ੍ਹਾਂ ਨੂੰ ਬਦਲ ਦੇਊਗਾ'' (ਰਸੂਲਾਂ ਦੇ ਕੰਮ 6:14)। ਸ਼ਰ੍ਹਾ ਦੀਆਂ ਰੀਤਾਂ ਬਦਲਣ ਵਾਲੀਆਂ ਸਨ। ਬਹੁਤੇ ਯਾਜਕ ਭਾਵੇਂ ਵਿਸ਼ਵਾਸੀ ਬਣ ਗਏ ਸਨ (ਰਸੂਲਾਂ ਦੇ ਕੰਮ 6:7), ਪਰ ਉਨ੍ਹਾਂ ਲਈ ਖੁਸ਼ਖਬਰੀ ਦੀ ਇਸ ਮੁੱਢਲੀ ਸਚਿਆਈ ਨੂੰ ਮੰਨਣਾ ਮੁਸ਼ਕਿਲ ਰਿਹਾ ਹੋਵੇਗਾ।

ਇਸ ਬਦਲਾਅ ਵਿਚ ਕੀ ਕੀ ਹੋਣਾ ਸੀ? ਕੁਝ ਲੋਕ ਇਹ ਜ਼ੋਰ ਦਿੰਦੇ ਹਨ ਕਿ ਇਸ ਵਿਚ ਸਿਰਫ਼ ਰਸਮੀ ਸ਼ਰ੍ਹਾ ਜਿਵੇਂ ਯਾਜਕਾਈ ਦੀ ਰਸਮ ਅਤੇ ਕੁਰਬਾਨੀਆਂ ਦਾ ਨਾ ਮਨਾਇਆ ਜਾਣਾ ਹੋਣਾ ਸੀ, ਪਰ ਦਸ ਹੁਕਮਾਂ ਦਾ ਨਹੀਂ। ਉਹ ਇਹ ਦਾਅਵਾ ਕਰਦਿਆਂ ਕਿ ਇਖ਼ਲਾਕੀ ਨਿਯਮ ਨਹੀਂ ਹਟਾਏ ਗਏ ਸਨ ਭਾਵੇਂ ਰਸਮੀ ਨਿਯਮ ਹਟਾ ਦਿੱਤੇ ਗਏ ਸਨ ਇਨ੍ਹਾਂ ਵਿਚ ਫ਼ਰਕ ਕਰਨ ਦੀ ਕੋਸ਼ਿਸ਼ ਕਰਦੇ ਹਨ। ਵਿਚਾਰ ਇਹ ਹੈ ਕਿ ਬਾਕੀ ਭਾਗ ਨੂੰ ਬਣਿਆ ਰਹਿਣ ਦੇ ਕੇ ਸ਼ਰ੍ਹਾ ਦਾ ਅਧੂਰੇ ਰੂਪ ਵਿਚ ਹਟਾਉਣ ਦਾ ਅਧਾਰ ਬਾਈਬਲ ਦਾ ਨਹੀਂ ਹੈ। ਨਾ ਬਾਈਬਲ ਅਤੇ ਨਾ ਹੀ ਮੁੱਢਲੀ ਕਲੀਸੀਆ ਇਖ਼ਲਾਕੀ, ਰਸਮੀ ਅਤੇ ਕਾਨੂੰਨੀ ਭਾਗਾਂ ਵਿਚ ਸ਼ਰ੍ਹਾ ਨੂੰ ਵੰਡਦੀ ਹੈ। ਐਫ਼. ਐਫ਼. ਬਰੂਸ ਇਹ ਕਹਿਣ ਵਿਚ ਸਹੀ ਸੀ, ''ਇਖ਼ਲਾਕੀ ਅਤੇ ਰਸਮੀ ਸ਼ਰ੍ਹਾ ਵਿਚ ਫ਼ਰਕ ਮਸੀਹੀ ਧਰਮ ਸ਼ਾਸਤਰੀਆਂ ਵੱਲੋਂ ਕੀਤਾ ਜਾਂਦਾ ਹੈ ਨਾ ਤਾਂ ਪੂਰੀ ਸ਼ਰ੍ਹਾ ਨੂੰ ਖ਼ੁਦਾ ਦੀ ਇੱਛਾ ਮੰਨਣ ਵਾਲਿਆਂ ਵੱਲੋਂ, ਅਤੇ ਨਾ ਨਵੇਂ ਨੇਮ ਦੇ ਲੇਖਕਾਂ ਵੱਲੋਂ।''[23] ਕਈ ਵਾਰ ਬਾਈਬਲ ਵੀ ਜ਼ਬੂਰਾਂ ਦੀ ਪੋਥੀ ਨੂੰ ''ਸ਼ਰ੍ਹਾ'' ਦਾ ਭਾਗ ਦੱਸਦੀ ਹੈ (ਯੂਹੰਨਾ 10:34; ਵੇਖੋ ਜ਼ਬੂਰ 82:6)। ਸ਼ਰ੍ਹਾ ਦੇ ਕੁਝ ਭਾਗਾਂ ਨੂੰ ਰਸਮੀ ਆਖਿਆ ਜਾ ਸਕਦਾ ਹੈ, ਪਰ ਕੋਈ ਇਹ ਦਾਅਵਾ ਨਾ ਕਰੇ ਕਿ ਸਿਰਫ਼ ਉਸੇ ਭਾਗ ਨੂੰ ਕੱਢਿਆ ਗਿਆ ਸੀ, ਦੂਜੇ ਨੂੰ ਨਹੀਂ। ਜੇਮਸ ਬਰਟਨ ਕਾਫ਼ਮੈਨ ਨੇ ਲਿਖਿਆ, ''ਇਸ ਪੂਰੀ ਪੱਤਰੀ ਵਿਚ 'ਸ਼ਰ੍ਹਾ' ਦੇ ਇਜ਼ਹਾਰ ਦੇ ਅਰਥ ਦਾ ਜ਼ਰਾ ਜਿੰਨਾ ਵੀ ਸੁਝਾਅ ਨਹੀਂ ਹੈ ਜਿਹੜਾ ਇਸ ਆਮ ਅਰਥ ਵਿਚ ਮੂਸਾ ਦੀ ਸ਼ਰ੍ਹਾ ਨੂੰ ਵੱਖ ਕਰੇ।''[24] **ਸ਼ਰ੍ਹਾ ਦਾ ਬਦਲਣਾ ਬੇਸ਼ੱਕ ਮੂਸਾ ਦੇ ਪੂਰੇ ਪ੍ਰਬੰਧ ਨੂੰ ਆਖਿਆ ਗਿਆ ਹੈ।**

7:12 ਤੋਂ ਲੈ ਕੇ ਇਬਰਾਨੀਆਂ ਦੀ ਕਿਤਾਬ ਮਸੀਹ ਵਿਚ ਸ਼ਰ੍ਹਾ ਦੇ ਹਟਾਏ ਜਾਣ ਜਾਂ ਵੱਖ ਕੀਤੇ ਜਾਣ ਦੇ ਤਿੰਨ ਕਾਰਣ ਦੱਸਦਾ ਹੈ (ਵੇਖੋ 7:18; 10:9)। ਰੋਮੀਆਂ 7 ਵਿਚ ਪੌਲੁਸ ਨੇ ਤਰਕ ਦਿੱਤਾ ਕਿ ਯਹੂਦੀ ਮਸੀਹੀ ਲੋਕ ਲਾਲਚ ਦੇ ਵਿਰੁੱਧ ਸ਼ਰ੍ਹਾ ਸਣੇ (ਆਇਤ 4) ਸ਼ਰ੍ਹਾ ''ਤੋਂ ਛੁੱਟ ਗਏ'' ਦੇ ਲਈ ਮਰੇ ਹੋਏ ਬਣ ਗਏ''(ਆਇਤ 7)। ਖ਼ਾਸ ਸ਼ਰ੍ਹਾ ਰਸਮੀ ਹੋਣ ਨਾਲੋਂ ਵੱਧ ਕੇ ਸੀ ਜੋ ਕਿ ਯਕੀਨਨ ਦਸ ਹੁਕਮਾਂ ਦਾ ਭਾਗ ਸੀ। ਪੌਲੁਸ ਨੇ ਸ਼ਰ੍ਹਾ ਦੀਆਂ ਇਨ੍ਹਾਂ ਗੱਲਾਂ ਨਾਲ ਜਿਨ੍ਹਾਂ ਨੇ ਮਸੀਹ ਨੂੰ ਸਲੀਬ ਉੱਤੇ ਕਿੱਲਾਂ ਨਾਲ ਠੋਕ ਦਿੱਤਾ ਸੱਬਤ ਨੂੰ ਵੀ ਸ਼ਾਮਿਲ ਕੀਤਾ (ਕੁਲੁੱਸੀਆਂ 2:14–17)। ''ਮੌਤ ਦੀ ਸੇਵਕਾਈ'' ਵਿਚ ਪੱਥਰਾਂ ਉੱਤੇ ਲਿਖੇ ਹੁਕਮ ਵੀ ਸਨ (2 ਕੁਰਿੰਥੀਆਂ 3:1–11)। ਯਿਸੂ ਦੇ ਸ਼ਰ੍ਹਾ ਦੀ ਹਰ ਗੱਲ ਨੂੰ ਸਹੀ ਢੰਗ ਨਾਲ ਮੰਨ ਕੇ ਇਸ ਨੂੰ ਪੂਰਾ ਕਰ ਦੇਣ ਤੇ ਪੂਰੀ ਸ਼ਰ੍ਹਾ ਨੂੰ ਹਟਾ ਦਿੱਤਾ ਗਿਆ (ਵੇਖੋ ਮੱਤੀ 5:17, 18)।

**ਆਇਤ 13.** ਫ਼ਰੀਸੀਆਂ ਅਤੇ ਯਹੂਦੀਵਾਦੀਆਂ ਨੇ ਜ਼ਰੂਰ ਤਰਕ ਦਿੱਤਾ ਹੋਵੇਗਾ ਕਿ ਯਿਸੂ ਪਾਪ ਦੀ ਕੁਰਬਾਨੀ ਜਾਂ ਉਹ ਯਾਜਕ ਨਹੀਂ ਬਣ ਸਕਦਾ ਸੀ, ਜਿਹੜਾ ਕੁਰਬਾਨੀ ਚੜ੍ਹਾਉਂਦਾ ਸੀ, ਕਿਉਂ ਜੋ ਉਹ ਗਲਤ **ਗੋਤ** ਵਿੱਚੋਂ ਸੀ। ਸਿਰਫ਼ ਲੇਵੀ ਦੇ ਗੋਤ ਦੇ ਪੁਰਖ ਹੀ ਮੂਸਾ ਦੇ ਨਿਯਮ ਦੇ ਅਧੀਨ ਯਾਜਕਾ ਵਾਲਾ ਕੰਮ ਕਰ ਸਕਦੇ ਸਨ ਅਤੇ ਹਾਰੂਨ ਦੇ ਪਰਿਵਾਰ ਨੂੰ ਛੱਡ ਕੋਈ ਹੋਰ ਪ੍ਰਧਾਨ ਯਾਜਕ ਦਾ ਕੰਮ ਨਹੀਂ ਕਰ ਸਕਦਾ ਸੀ। ਸਭ ਨੂੰ ਪਤਾ ਸੀ ਕਿ ਯਿਸੂ ਯਹੂਦਾਹ ਦੇ ਗੋਤ ਵਿੱਚੋਂ ਹੈ ਜਿਹੜਾ ਯਾਜਕਾਈ ਵਾਲਾ ਗੋਤ ਨਾ ਹੋ ਕੇ ਸ਼ਾਹੀ ਗੋਤ ਸੀ। ਹੈਕਲ ਹੀ ਬਰਬਾਦੀ (70 ਈਸਵੀ ਵਿਚ) ਤੋਂ ਪਹਿਲਾਂ ਅਜਿਹੇ ਦਸਤਾਵੇਜ਼ ਸਭ ਲਈ ਮੌਜੂਦ ਸਨ ਅਤੇ ਯਹੂਦੀ ਵਿਰੋਧੀ ਉਨ੍ਹਾਂ ਦਾ ਖੰਡਨ ਨਹੀਂ ਕਰ ਸਕਦੇ ਸਨ। ਤਾਂ ਅਸੀਂ ਮੰਨ ਸਕਦੇ ਹਾਂ ਕਿ ਪਹਿਲੀ ਸਦੀ ਵਿਚ ਯਿਸੂ ਦੇ ਦਾਊਦ ਦੇ ਕੁੱਲ ਵਿੱਚੋਂ ਹੋਣ ਦਾ ਖੰਡਣ ਕਰਨ ਦੀ ਕੋਈ ਕੋਸ਼ਿਸ਼ ਨਹੀਂ ਹੋਈ। ਇਹ ਵਿਖਾਉਂਦਿਆਂ ਕਿ ਯਿਸੂ ਦਾ ਜਨਮ ਦਾਊਦ ਦੇ ਸ਼ਹਿਰ ਬੈਤਲਹਮ ਵਿਚ ਹੋਇਆ ਸੀ ਮੱਤੀ 2:5, 6 ਇਸ ਦੀ ਕੁਲਪੱਤਰੀ ਦਾ ਸੰਕੇਤ ਦਿੰਦਾ ਹੈ। ਲੂਕਾ 3:23–31 ਅਤੇ ਮੱਤੀ 1:6–16 ਵਾਲੀਆਂ ਕੁਲਪੱਤਰੀਆਂ ਤੋਂ ਪਤਾ ਲਗਦਾ ਹੈ ਕਿ ਉਹ ਦਾਊਦ ਦਾ ਪੁੱਤਰ ਅਤੇ ਪ੍ਰਕਾਸ਼ ਦੀ ਪੋਥੀ 5:5 ਦੱਸਦਾ ਹੈ ਕਿ ''ਦਾਊਦ ਦੀ ਜੜ੍ਹ'' ਸੀ। ਮੱਤੀ ਦੇ ਕਹਿਣ ਤੋਂ ਭਾਵ ਹੋ ਸਕਦਾ ਹੈ ਕਿ ਉਸ ਨੂੰ ਯੂਸੁਫ਼ ਵੱਲੋਂ ਗੋਦ ਲਿਆ ਗਿਆ। ਜਦ ਕਿ ਲੂਕਾ ਮਰਿਅਮ ਦੇ ਰਾਹੀਂ ਉਸ ਦੀ ਕੁਲਪੱਤਰੀ ਨੂੰ ਦੱਸਦਾ ਹੈ। ਯੂਸੁਫ਼ ਨੂੰ ਕਈ ਵਾਰ ਯਿਸੂ ਦਾ ''ਮਤਰੇਆ ਪਿਓ'' ਆਖਿਆ ਜਾਂਦਾ ਹੈ, ਪਰ ਇਹ ਸੰਭਾਵਨਾ ਬਹੁਤੀ ਹੈ ਕਿ ਮਰਿਅਮ ਦੀ ਕਹਾਣੀ ਦੇ ਜਾਣਕਾਰ ਸਭ ਲੋਕ ਯਿਸੂ ਨੂੰ ਯੂਸੁਫ਼ ਦਾ ਗੋਦ ਲਿਆ ਪੁੱਤਰ ਮੰਨਦੇ ਸਨ। ਬੇਸ਼ੱਕ ਯੂਸੁਫ਼ ਯਿਸੂ ਦਾ ''ਮਤਵੰਨਾ'' ਪਿਤਾ ਹੋਣ ਵਿਚ ਖ਼ਾਸ ਫ਼ਖ਼ਰ ਮੰਨਦਾ ਸੀ। ਪਰ ਸ਼ਾਹੀ ਕੁੱਲ ਦਾ ਸੰਕੇਤ ''ਦਾਊਦ ਦਾ ਪੁੱਤਰ'' ਦੇ ਅਹੁਦੇ ਵਿਚ ਸੀ।[25]

**ਆਇਤ 14. ਕਿਉਂ ਜੋ ਇਹ ਪਰਗਟ ਹੈ** ਤੋਂ ਭਾਵ ਹੈ ''ਬਿਲਕੁੱਲ ਸਾਫ਼ ਹੈ,'' ਜਾਂ ''ਹਰ ਕਿਸੇ ਨੂੰ ਪਤਾ ਹੈ'' (JB)। ਫ਼ਿਲਿੱਪਸ ਦੇ ਅਨੁਵਾਦ ਵਿਚ ''ਇਹ ਇਤਿਹਾਸ ਦੀ ਗੱਲ ਹੈ'' ਹੈ। ASV ਦੇ ਇਜ਼ਹਾਰ ਦੀ ਵਰਤੋਂ ਕਰੀਏ ਤਾਂ ਇਹ ''ਪਰਤੱਖ'' ਤੱਥ ਹੈ ਕਿ ਮਸੀਹ ''ਯਹੂਦਾ ਵਿੱਚੋਂ ਲਿੱਕਲਿਆ।'' ਇੱਥੇ ''ਯੱਸੀ ਦੇ ਟੁੰਡ ਤੋਂ ਇਕ ਲਗਰ ...'' ਦੀ ਨਬੂਵਤ (ਯਸਾਯਾਹ 11:1) ਅਤੇ ਦਾਊਦ ਦੀ ''ਧਰਮੀ ਸਾਖ'' ਦਾ ਵਿਚਾਰ ਹੋ ਸਕਦਾ ਹੈ (ਯਿਰਮਿਯਾਹ 23:5, 6) ਜਿਹੜੀ ਖ਼ੁਦਾ ਨੇ ''ਖੜੀ'' ਕਰਨੀ ਸੀ। ''ਇਸ ਦਾਅਵੇ ਦਾ ਕਿ ਸਾਡਾ ਪ੍ਰਭੂ ਯਹੂਦਾ ਵਿੱਚੋਂ *ਨਿੱਕਲਿਆ* ਮਸੀਹਾ ਦੇ ਖ਼ਾਸ ਸੰਕੇਤ ਨੂੰ ਵਿਖਾਉਂਦਾ ਹੈ।''[26] ਇੱਥੇ ਪੂਰਾ ਤਰਕ ਹੀ ਜ਼ਬੂਰ 110:4 ਵੱਲੋਂ ਸੰਕੇਤ ਦਿੱਤੇ ਵੱਖਰੇ ਯਾਜਕੀ ਪ੍ਰਬੰਧ ਤੇ ਅਧਾਰਿਤ ਹੈ, ਇਸ ਕਰਕੇ ਜਿਸ ਨੇ ਇਸ ਨਬੂਵਤ ਨੂੰ ਪੂਰਾ ਕੀਤਾ ਉਹੀ ਜ਼ਬੂਰ 110:1 ਵਾਲਾ ਹੈ ਜਿਸ ਨੂੰ ਖ਼ੁਦਾ ਦੇ ਸੱਜੇ ਹੱਥ ਬੈਠਣ ਦਾ ਸੱਦਾ ਦਿੱਤਾ ਗਿਆ ਸੀ। ''ਸਾਡੇ ਲੇਖਕ ਦੇ ਤਰਕ ਦੀ ਚਮਕ'' ਇਹ ਵਿਖਾਉਂਦੀ ਹੈ ਕਿ ਯਿਸੂ ਦੀ ਯਾਜਕਾਈ ਦੀਆਂ ਸਿਫ਼ਾਰਸ਼ਾ ਕਾਇਮ ਹਨ।[27]

ਇਹ ਕਹਿਣ ਦਾ ਕਿ ਯਿਸੂ ਪਰਾਣੇ ਨੇਮ ਦੇ ਅਧੀਨ ਯਾਜਕ ਨਹੀਂ ਹੋ ਸਕਦਾ ਸੀ, ਦਿੱਤਾ ਗਿਆ

ਕਾਰਣ ਇਹ ਸੀ ਕਿ ਮੂਸਾ ਨੇ ਯਹੂਦਾਹ ਵਿੱਚੋਂ ਯਾਜਕਾਂ ਦੇ ਵਿਖੇ ਕੁਝ ਨਹੀਂ ਆਖਿਆ। ਇਸ ਤਰ੍ਹਾਂ ਲੇਖਕ ਨੇ ਇਹ ਕਹਿ ਕਿ ਕਿ ''ਖ਼ੁਦਾ ਨੇ ਇਹ ਨਹੀਂ ਆਖਿਆ, 'ਯਹੂਦਾ ਵਿੱਚੋਂ ਯਾਜਕਾਂ ਨੂੰ ਨਾ ਲਓ,' ਪਰ ਯਕੀਨਨ ਹੀ ਉਸ ਨੇ ਗੋਦ ਸਬੰਧ ਨੂੰ ਨਜ਼ਰਅੰਦਾਜ਼ ਕਰਕੇ ਆਪਣੇ ਪੁੱਤਰ ਨਾਲ ਖ਼ਾਸ ਵਿਆਹਰ ਕਰੇਗਾ, ਉਹ ਉਸ ਨੂੰ ਯਾਜਕ ਬਣਾ ਦਵੇਗਾ। ਭਾਵੇਂ ਉਹ ਠਹਿਰਾਏ ਗਏ ਯਾਜਕੀ ਗੋਤ ਵਿੱਚੋਂ ਨਹੀਂ ਹੈ।'' ਯਿਸੂ ਲੇਵੀ ਨਹੀਂ ਸੀ; ਪਰ ਸ਼ਰ੍ਹਾ ਨੂੰ ਪੂਰਾ ਕਰਨ ਵੇਲੇ ਉਹ ਪੁਰਾਣੀ ਰਸਮ ਨਾਲ ਬੱਧਾ ਨਹੀਂ ਹੈ।

ਆਇਤ 15. ਹੋਰ ਵੀ ਸਾਫ਼ ਹੁੰਦਾ ਹੈ ਕੀ ਹੈ (ਆਇਤ 16ਅ)? ਇਸ ਦੇ ਪੰਜ ਹੋਰ ਵਿਚਾਰ ਦੇਣ ਦੇ ਬਾਅਦ ਰੌਬਰਟ ਮਿਲਿਗਨ ਨੇ ਆਪਣਾ ਹੀ ਵਿਚਾਰ ਦਿੱਤਾ। ਉਸ ਨੇ ਆਖਿਆ ਕਿ ਹਵਾਲਾ 7:11–22 ਦਾ ਦੇ ਪੂਰੇ ਵਾਕ ਦਾ ਹੈ ਜਿਸ ਨੂੰ ਇਸ ਤਰ੍ਹਾਂ ਸੰਕੇਤ ਦਿੱਤਾ ਜਾ ਸਕਦਾ ਹੈ: ''ਯਾਜਕਾਈ ਵਿਚ ਅਜਿਹਾ ਬਦਲਾਅ ਕੀਤਾ ਗਿਆ ਸੀ। ਜਿਸ ਨਾਲ ਯਾਜਕਾਈ ਦੇ ਲੇਵੀ ਪ੍ਰਬੰਧ ਅਤੇ ਸ਼ਰ੍ਹਾ ਵੀ ਜਿਹੜੀ ਇਹਦੇ ਨਾਲ ਦਿੱਤੀ ਗਈ ਸੀ, ਦੋਵੇਂ ਮਿਟਾ ਦਿੱਤੇ ਜਾਣ।''[28] ਇਕ ਹੋਰ ਯਾਜਕਾਈ ਦੀ ਨਬੂਵਤ ਹੋਈ ਸੀ (ਜ਼ਬੂਰ 110:4), ਜਿਸ ਨੇ ਯਹੂਦੀ ਸਮਝ ਵਾਲਿਆਂ ਨੇ ਇਹ ਸਾਫ਼ ਕਰ ਦਿੱਤਾ ਕਿ ਸ਼ਰ੍ਹਾ ਵਿਚ ਬਦਲਾਅ ਹੋਣ ਵਾਲਾ ਸੀ। ਪਰ ਨਵਾਂ ਯਾਜਕ ਮਲਕਿਸਿਦਕ ਦੇ ਸਮਾਨ ਸੀ। ਮਲਕਿਸਿਦਕ ਇਸ ਗੱਲ ਵਿਚ ਪਰਮੇਸ਼ੁਰ ਦੇ ਪੁੱਤਰ ਦੇ ਸਮਾਨ ਸੀ, ਕਿਉਂਕਿ ਲਿਖਤ ਦੇ ਮੁਤਾਬਿਕ ਉਹ ਮਸੀਹ ਵਾਂਗ ਹੇਮਸ਼ਾ ਲਈ ਯਾਜਕ ਸੀ (7:2, 3)। ਮਲਕਿਸਿਦਕ ਯਿਸੂ ਦਾ ਨਮੂਨਾ ਉਵੇਂ ਹੀ ਸੀ ਜਿਵੇਂ ਏਲੀਯਾਹ ਯੂਹੰਨਾ ਦਾ ਸੀ। ਹਰ ਜ਼ਰੂਰੀ ਤਰੀਕੇ ਨਾਲ ਯਿਸੂ ਨੇ ਮਲਕਿਸਿਦਕ ਦੀ ਯਾਜਕਾਈ ਵਿਚ ਪਾਏ ਜਾਣ ਵਾਲੇ ਰੂਪਕ ਨੂੰ ਪੂਰਾ ਕੀਤਾ: ਮਲਕਿਸਿਦਕ ਵੱਲੋਂ ਜਿਸ *ਹਕੀਕਤ* ਦਾ ਪਰਛਾਵਾਂ ਦਿੱਤਾ ਗਿਆ ਸੀ ਉਹ ਮਸੀਹ ਹੈ . . .।''[29]

**ਆਇਤ 16.** ਲੇਵੀਆਂ ਦੀ ਯਾਜਕਾਈ ਕਿਸੇ ਉੱਤਮ ਚਰਿੱਤਰ ਤੇ ਨਹੀਂ ਸਿਰਫ਼ **ਸਰੀਰ ਦੇ ਸਰਬੰਧੀ ਹੁਕਮ** (ਮੂਲ ਵਿਚ, *sarkinos*, ਜਿਸ ਤੋਂ ਭਾਵ ''ਸਰੀਰ,'' ਜਾਂ ''ਸਰੀਰ ਦਾ'' ਹੈ) ਤੇ ਅਧਾਰਿਤ ਹੈ। ਹੁਕਮ ਦਾ ਸਬੰਧ ਕੁੱਲ ਨਾਲ ਸੀ; ਇਹ ''ਦੁਨਿਆਵੀ ਨਿਯਮਾਂ ਵਾਲਾ ਪ੍ਰਬੰਧ'' (NEB)। ਪੁਰਾਣਾ ਪ੍ਰਬੰਧ ਧਰਮ ਦੇ ਬਾਹਰੀ ਰੂਪਾਂ ਨਾਲ ਸਬੰਧਿਤ ਜਿਵੇ ਯਾਜਕਾਂ ਦਾ ਸਰੀਰਕ ਵੰਸ਼, ਦੁਨਿਆਵੀ ਤੰਬੂ ਅਤੇ ਜਾਨਵਰਾਂ ਦੀਆਂ ਕੁਰਬਾਨੀਆਂ। ਅਜਿਹਾ ਪ੍ਰਬੰਧ ਨਵੇਂ ਨੇਮ ਦੀ ਮਸੀਹੀਅਤ ਦੇ ਸੁਭਾਅ ਤੋਂ ਬਾਹਰ ਹੈ ਜਿਹੜੀ ਵੱਧ ਤੋਂ ਵੱਧ ਅੰਦਰੂਨੀ ਭਾਵ ਰੂਹਾਨੀ ਇਨਸਾਨ ਉੱਤੇ ਧਿਆਨ ਦੁਆਉਂਦੀ ਹੈ।

ਯਿਸੂ ਦੀ ਸਮਰੱਥਾ ਅਤੇ ਇਕ ਪਿਆਰ ਦਾ ਹੱਕ ''ਅੰਤਹੀਣ ਜੀਵਨ'' (KJV) ਜਾਂ ਅਵਿਨਾਸੀ ਜੀਵਨ ਦੀ ਸ਼ਕਤੀ (NASB; RSV; ISV) ਤੇ ਅਧਾਰਿਤ ਸੀ। ਉਹ ਸਾਡੇ ਨਾਲ ਹਮਦਰਦੀ ਕਰ ਸਕਦਾ ਹੈ, ਕਿਉਂ ਜੋ ਉਹ ਕੁਝ ਦੇਰ ਲਈ ਸਾਡੇ ਵਾਂਗ ਸਲੀਬ ਵਿਚ ਰਿਹਾ, ਜਿਸ ਨੂੰ ਲੋਕ ਮਾਰ ਸਕਦੇ ਸਨ (2:14, 15; 4:15; 5:7, 8)। ਤਾਂ ਵੀ ਉਹ ਉਸ ਦੀ ਰੂਹ ਨੂੰ ਨਹੀਂ ਮਾਰ ਸਕਦੇ ਕਿਉਂ ਜੋ ਦੇਹ ਦੇ ਕਬਰ ਵਿਚ ਹੋਣ ਦੇ ਬਾਵਜੂਦ ਉਹ ਪਤਾਲ ਵਿਚ ਜ਼ਿੰਦਾ ਸੀ, ਕਿਉਂ ਜੋ ਮੌਤ ਉਸ ਵੱਸ ਵਿਚ ਨਹੀਂ ਰੱਖ ਸੀ (ਰਸੂਲਾਂ ਦੇ ਕੰਮ 2:31)। ਓਹ ਖ਼ੁਦਾ ਦੇ ਸੱਜੇ ਹੱਥ ਬੈਠਾ ਉਹਦੇ ਅੱਗੇ ਸਾਡੀ ਨੁਮਾਇੰਦਗੀ ਕਰਦੇ ਹੋਏ ਹਮੇਸ਼ਾ ਹਮੇਸ ਲਈ ਰਹਿੰਦਾ ਹੈ (ਜ਼ਬੂਰ 110:1)। ਉਹ ਨਿਰੇ ਕਾਨੂੰਨੀ ਹੱਕ ਨਾਲ ਨਹੀਂ ਬਲਕਿ ਸ਼ਕਤੀ ਅਤੇ ਇਖ਼ਤਿਆਰ ਨਾਲ ਯਾਜਕ ਹੈ। ਖ਼ੁਦਾਈ ਦੀ ਸਾਰੀ ਭਰਪੂਰੀ ਉਸੇ ਵਿਚ ਦੇਹਧਾਰੀ ਹੋ ਕੇ ਵਾਸ ਕਰਦੀ ਹੈ (ਕੁਲੁੱਸੀਆਂ 2:9)। ਉਸ ਵਿਚ ਉਨ੍ਹਾਂ ਨੂੰ ਜਿਹੜੇ ਉਹਦੇ ਰਾਹੀਂ ਖ਼ੁਦਾ ਕੋਲ ਆਉਂਦੇ ਹਨ ''ਹਮੇਸ਼ਾ ਲਈ ਬਚਾਉਣ'' ਜਾਂ ''ਅੰਤ ਤਕ'' ਦੀ ਸ਼ਕਤੀ ਹੈ (KJV; ASV; NKJV), ਲੇਵੀ ਯਾਜਕਾਈ ਨੂੰ ਕਾਇਮ ਕਰਨ ਵਾਲਾ ਬਾਹਰੀ ਅਤੇ ਨਾਸਵਾਨ ਸੀ। ਇਹ ਕਿਸੇ ਵੀ ਸਮੇਂ ਜਦ ਖ਼ੁਦਾ ਤਿਆਰ ਹੁੰਦਾ ਬਦਲਿਆ ਜਾ ਸਕਦਾ ਸੀ। ਇਸ ਦੇ ਉਲਟ ''ਮਸੀਹ ਆਪਣੇ ਆਪ ਵਿਚ ਜ਼ਿੰਦਗੀ ਰੱਖਦਾ ਹੈ ਅਤੇ ਉਹ ਅਵਿਨਾਸ਼ੀ ਹੈ (7:25)।[30]

**ਆਇਤ 17.** ਜੇਮਸ ਮੈਕਨਾਈਟ ਨੇ ਲਿਖਿਆ ਹੈ ਕਿ ਤੰਬੂ ਵਿਚ ਕੰਮ ਕਰਨਾ ਐਨਾਂ ਮੁਸ਼ਕਿਲ

ਸੀ ਕਿ ਪੰਜਾਹ ਤੋਂ ਉੱਪਰ ਦਾ ਆਦਮੀ ਸੇਵਾ ਨਹੀਂ ਕਰ ਸਕਦਾ ਸੀ (ਗਿਣਤੀ 4:2, 3), ਪਰ ਯਿਸੂ ਨਾਲ ਅਜਿਹਾ ਨਹੀਂ ਸੀ।[31] ਮਸੀਹ ਦੀ ਸੇਵਕਾਈ ਦੀ ਉੱਤਮਤਾ ਸਾਬਤ ਹੋ ਗਈ ਹੈ। ਇਸ ਦੀ **ਸਾਖੀ** ਉਸ ਦੇ ਰਾਹੀਂ **ਦਿੱਤੀ ਹੋਈ ਹੈ** ਤੋਂ ਭਾਵ ਹੈ ਕਿ ਸਬੂਤ ਲੇਖਕ ਦੇ ਇਖ਼ਤਿਆਰ ਤੋਂ ਹੈ (''ਸਾਖੀ ਦਿੱਤੀ ਜਾਂਦੀ ਹੈ''; 7:8; ''ਸਾਖੀ ਦਿੰਦਾ ਹੈ''; 10:15)। ਉਸ ਦੀ ਯਾਜਕਾਈ ਨੇ ਲੋਕਾਂ ਨੂੰ ਖ਼ੁਦਾ ਦੀ ਹਜ਼ੂਰੀ ਵਿਚ ਲਿਆਉਣ ਦੇ ਅਸਲ ਮਕਸਦ ਨੂੰ ਪੂਰਾ ਕੀਤਾ। ਇਹ ਮੁਕੰਮਲ, ਅਬਦੀ, ਲਾਤਬਦੀਲ ਹੈ।

**ਆਇਤ 18.** ਕੁਝ ਲੋਕ **ਅਗਲਾ ਹੁਕਮ** ਤੋਂ ਭਾਵ ਸਿਰਫ਼ ਲੇਵੀ ਦੀ ਯਾਜਕਾਈ ਨਾਲ ਜੁੜੇ ਨਿਯਮਾ ਕ ਸੀਮਤ ਕਰਦੇ ਹਨ। ਪਰ ਯਾਂਜਕਾਈ ਦੇ **ਰੱਦੀ** ਹੋਣ ਦੀ ਗੱਲ ਮੂਸਾ ਦੀ ਪੂਰੀ ਸ਼ਰ੍ਹਾ ਲਈ ਵੀ ਲਾਗੂ ਹੁੰਦੀ ਹੈ। ਆਪਣੀ ਸਾਰੀ ਭੜਕ ਅਤੇ ਪ੍ਰਭਾਵਸ਼ਾਲੀ ਰਸਮ ਦੇ ਬਾਵਜੂਦ ਪੁਰਾਣੇ ਨੇਮ ਦਾ ਪਰਬੰਧ ਅੰਤਹਕਣ ਨੂੰ ਅਸਲ ਸ਼ਾਂਤੀ ਨਹੀਂ ਦੁਆ ਸਕਿਆ।[32] ਇਸ ਦੀ ਸਭ ਤੋਂ ਵੱਡੀ ਨਾਕਾਮੀ ਬੰਦਗੀ ਕਰਨ ਵਾਲੇ ਨੂੰ ਖ਼ੁਦਾ ਦੇ ਨੇੜੇ ਨਾ ਲਿਆ ਪਾਉਣਾ ਹੈ।[33] ਸ਼ਰ੍ਹਾ ਦਾ ਸਾਫ਼ ਮਕਸਦ ਪਾਪ ਦੇ ਖ਼ਿਲਾਫ਼ ਸਿਖਾਉਣਾ ਅਤੇ ਲੋਕਾਂ ਨੂੰ ਮਸੀਹ ਵੱਲ ਲਿਆਉਣਾ ਸੀ (ਗਲਾਤੀਆਂ 3:24)। ਸ਼ਰ੍ਹਾ ਨੂੰ ''ਅਪਰਾਧਾਂ ਦੇ ਕਾਰਣ ਰਲਾਇਆ ਗਿਆ ਸੀ'' (ਗਲਾਤੀਆਂ 3:19) ਅਤੇ ਇਸ ਨੇ ਆਪਣੀ ਪਵਿੱਤਰਤਾਈ ਦੇ ਉਲਟ ਪਾਪ ਦੇ ਸੁਭਾਅ ਨੂੰ ਵਿਖਾਉਣ ਦੇ ਮਕਸਦ ਨੂੰ ਹਾਸਲ ਕੀਤਾ (ਰੋਮੀਆਂ 7:12)। ਸ਼ਰ੍ਹਾ ਆਪਣੇ ਆਪ ਵਿਚ ਕਾਮਿਲ ਸੀ (ਜ਼ਬੂਰ 19:7) ਅਤੇ ਅਤੇ ਇਸ ਨੇ ਕਾਮਯਾਬੀ ਨਾਲ ਯਹੂਦੀਆਂ ਨੂੰ ਪਾਪ ਤੋਂ ਜਾਣੂ ਕਰਵਾਇਆ (ਰੋਮੀਆਂ 7:7)। ਪਰ ਇਹ ''ਸਰੀਰ ਦੇ ਕਾਰਣ ਨਿਤਾਣੀ'' ਸੀ (ਰੋਮੀਆਂ 8:3); ਇਹ ਮਨੁੱਖ ਨੂੰ ਪਾਪ ਉੱਤੇ ਕਾਬੂ ਪਾਉਣ ਜਾਂ ਉਸ ਨੂੰ ਉਸ ਪਾਪ ਤੋਂ ਛੁਡਾਉਣ ਵਿਚ ਨਾਕਾਮ ਰਹੀ।

**ਆਇਤ 19.** ਪਾਪ ਤੋਂ ਫ਼ਤਹਿ ਅਤੇ ਅਜ਼ਾਦੀ ਸਿਰਫ਼ ਮਸੀਹ ਵਿਚ ਮਿਲਦੀ ਹੈ, ਨਾ ਕਿ ਸਰ੍ਹਾ ਦੇ ਰਾਹੀਂ। ਦੂਜੇ ਸ਼ਬਦਾਂ ਵਿਚ **ਸ਼ਰ੍ਹਾ ਨੇ ਕੁਝ ਵੀ ਸੰਪੂਰਣ ਨਹੀਂ ਕੀਤਾ**। ਆਪਣੇ ਆਪ ਵਿਚ ਇਹ ਸੰਪੂਰਣ ਸੀ ਪਰ ਇਹ ਮਨੁੱਖ ਦੀਆਂ ਕਮੀਆਂ ਦੀ ਭਰਪਾਈ ਨਹੀ ਕਰ ਸਕਦੀ ਕਿਉਂ ਜੋ ਇਸ ਨੇ ਪਾਪ ਲਈ ਪੂਰਾ ਪਰਾਸਚਿਤ ਨਹੀਂ ਦਿੱਤਾ। ਪੁਰਾਣੇ ਨੇਮ ਵਿਚਲੀ ਆਸ ਨਵੇਂ ਨੇਮ ਵਿਚਲੀ ਆਸ ਨਾਲ ਨਹੀਂ ਮਿਲਾਇਆ ਜਾ ਸਕਦਾ। ਪੁਰਾਣੇ ਨੇਮ ਦੇ ਅਧੀਨ ਲੋਕ ਸਿਰਫ਼ ਛੁਟਕਾਰਾ ਦੁਆਉਣ ਵਾਲੇ ਦੇ ਆਉਣ ਦੀ ਰਾਹ ਤਕਦੇ ਸਨ। ਨਵੇਂ ਨੇਮ ਦੇ ਅਧੀਨ ਜੋ ਕੁਝ ਸਾਡੇ ਲਈ ਕੀਤਾ ਗਿਆ ਹੈ ਉਸ ਵੱਲ ਪਿਛੇ ਵੇਖ ਕੇ ਅਸੀਂ ਆਨੰਦ ਕਰ ਸਕਦੇ ਹਾਂ। ਜੇ ਸ਼ਰ੍ਹਾ ਨਾਲ ਜ਼ਿੰਦਗੀ ਮਿਲ ਸਕਦੀ ਹੁੰਦੀ ਜਾਂ ਪਾਪੀਆਂ ਨੂੰ ਸਿੱਧ ਹੋ ਸਕਦੇ ਤਾਂ ਮਸੀਹ ਦਾ ਮਰਨਾ ਬੇਕਾਰ ਹੈ (ਗਲਾਤੀਆਂ 2:21; 3:21)। ਵਿਚ ਹੁਕਮ ਹੁੰਦੇ ਹਨ ਜਿਹੜੇ ਪਾਪ ਤੋਂ ਉੱਪਰ ਰਹਿਣ ਨੂੰ ਸਹੀ ਢੰਗ ਨਾਲ ਪ੍ਰੇਰਣਾ ਜਾਂ ਦਲੇਰੀ ਨਹੀਂ ਦੇ ਸਕਦੇ।

ਸ਼ਰ੍ਹਾ ਅਧੀਨ ਜਦ ਕੋਈ ਉਪਾਸਕ ਪਸਚਾਤਾਪੀ ਅਤੇ ਭਰੋਸਾ ਰੱਖਣ ਵਾਲਾ ਮਨ ਲੈ ਕੇ ਆਪਣੀ ਭੇਂਟ ਲੈ ਕੇ ਆਉਂਦਾ ਤਾਂ ਖ਼ੁਦਾ ਕਿਰਪਾ ਨਾਲ ''ਇਸ ਨੂੰ ਯਿਸੂ ਦੀ ਮੌਤ ਵੱਲ ਇਸ਼ਾਰਾ ਅਤੇ ਵਿਸ਼ਵਾਸੀ ਦੇ ਵਿਸ਼ਵਾਸ ਦੇ ਕੰਮ ਨੂੰ ਅਬਰਾਹਾਮ ਦੇ ਵਿਸ਼ਵਾਸ ਦੇ ਰੂਪ ਵਿਚ ਵੇਖਦਾ ਜਿਸ ਨੂੰ 'ਧਰਮ ਗਿਣਿਆ ਗਿਆ' ਸੀ।''[34] ਪੁਰਾਣੇ ਨੇਮ ਨੇ ਇਹ ਸਾਫ਼ ਕਰ ਦਿੱਤਾ ਕਿ ਨਿਰੀ ਕੁਰਬਾਨੀ ਕਾਫ਼ੀ ਨਹੀਂ ਸੀ (ਜ਼ਬੂਰ 51:16, 17; ਵੇਖੋ ਆਮੋਸ 5:21)।

ਸਿਰਫ਼ ਉਹੀ ਵਿਅਕਤੀ ਅਸਲ ਵਿਚ ਮੁਬਾਰਕ ਹੋ ਸਕਦਾ ਹੈ ਜਿਸ ਦੇ ਪਾਪ ਢੱਕੇ ਗਏ ਹੋਣ (ਜ਼ਬੂਰ 32:1, 2)। ਪੁਰਾਣੇ ਨੇਮ ਦੇ ਅਧੀਨ ''ਸੰਪੂਰਨ'' ਹੋਣ ਵਾਲੇ ਲੋਕ ਉਸ ਟੀਚੇ ਨੂੰ ਸਿਰਫ਼ ਉਮੀਦ ਵਿਚ ਪਾਉਂਦੇ ਸਨ ਕਿਉਂ ਜੋ ਮਸੀਹ ਨੇ ਉਨ੍ਹਾਂ ਨੂੰ ਛੁਡਾਉਣ ਲਈ ਮਰਨਾ ਸੀ (ਇਬਰਾਨੀਆਂ 9:15)। ਜਦ ਅਸੀਂ ਲੇਖਕ ਵਿਚ ਪੁਰਾਣੇ ਨੇਮ ਦੇ ਲੋਕਾਂ ਬਾਰੇ ਪੜ੍ਹਦੇ ਹਾਂ ਜਿਹੜੇ ਬਚਾਏ ਗਏ ਸਨ ਤਾਂ ਸਾਨੂੰ ਸਮਝ ਹੋਣੀ ਜ਼ਰੂਰੀ ਹੈ ਕਿ ਉਹ ਨਿਹਚਾ ਦੇ ਰਾਹੀਂ ਕਿਰਪਾ ਨਾਲ ਬਚਾਏ ਗਏ ਸਨ ਨਾ ਕਿ ਨਿੱਜੀ ਤੌਰ ਤੇ ਸੰਪੂਰਣ ਹੋਣ ਕਰਕੇ ਜਾਂ ਧਰਮ ਦੇ ਕੰਮਾਂ ਦੀ ਕਾਬਲੀਅਤ ਨਾਲ। ਅਬਰਾਹਾਮ ਦਾ ਵਿਸ਼ਵਾਸ ਉਹਦੇ ਲਈ ''... ਧਰਮ ਗਿਣਿਆ ਗਿਆ'' (ਉਤਪਤ 15:6), ਅਤੇ ਸ਼ਰ੍ਹਾ ਦੇ ਅਧੀਨ

''ਬਚਾਏ'' ਜਾਣ ਵਾਲੇ ਹਰ ਵਿਅਕਤੀ ਲਈ ਅਜਿਹਾ ਹੀ ਸੀ।

ਗਲਾਤੀਆਂ 3:24 ਵਿਚ ਸ਼ਰ੍ਹਾ ਨੂੰ ਸਾਡਾ ''ਨਿਗਾਹਬਾਨ'' (*paidagōgos*) ਆਖਿਆ ਗਿਆ ਹੈ। ਮੂਲ ਵਿਚ ਇਸ ਸ਼ਬਦ ਦਾ ਅਰਥ ਸੇਵਕ ਜਾਂ ਦਾਸ ਹੈ ਜਿਹੜਾ ਬੱਚੇ ਨੂੰ ਉਸ ਦੇ ਉਸਤਾਦ ਤਕ ਲੈ ਜਾਂਦਾ ਸੀ। ਸਾਡੇ *paidagōgos* ਸ਼ਰ੍ਹਾ ਨੇ ਸਾਨੂੰ ਮਸੀਹ ਤਕ ਲਿਆਂਦਾ।

ਨਵਾਂ ਨੇਮ ਪਾਪੀ ਮਨ ਨੂੰ ਸਾਫ਼ ਕਰ ਸਕਦਾ ਹੈ ਇਸ ਕਰਕੇ ਹੁਣ ਅਸੀਂ **ਪਰਮੇਸ਼ੁਰ ਦੇ ਨੇੜੇ ਅੱਪੜ** ਸਕਦੇ ਹਾਂ। ਪੁਰਾਣੇ ਨੇਮ ਦੇ ਯਾਜਕ ਤੰਬੂ ਵਿਚ ਵੜ ਕੇ ਖ਼ੁਦਾ ਦੇ ਨੇੜੇ ਜਾਂਦੇ ਸਨ। ਅਸੀਂ ਅਜਿਹਾ ਦੁਆ ਕਰਨ ਅਤੇ ਬੰਦਗੀ ਕਰਨ ਵੇਲੇ ਕਰਦੇ ਹਾਂ। ਇਬਰਾਨੀਆਂ 10:19–22 ਇਹ ਵਿਖਾਉਂਦਾ ਹੈ ਕਿ ਯਿਸੂ ਦੇ ਲਹੂ ਰਾਹੀਂ ਇਸ ਨੂੰ ਕਿਵੇਂ ਪਾਇਆ ਜਾਂਦਾ ਹੈ। ਉਸ ਦੇ ਲਹੂ ਦੀ ਕੁਰਬਾਨੀ ਨੇ ਅਸਲ ਵਿਚ ਪੁਰਾਣੇ ਨੇਮ ਵਿਚਲੀਆਂ ਕੁਰਬਾਨੀਆਂ ਦੀ ਤਸਦੀਕ ਕਰ ਦਿੱਤੀ। ਸਾਡੇ ਨਵੇਂ ਪ੍ਰਧਾਨ ਯਾਜਕ ਦੇ ਰੂਪ ਵਿਚ ਮਸੀਹ ਨੇ **ਚੰਗੀ ਆਸਾ** ਦਿੱਤੀ ਜਿਸ ਨਾਲ ਅਸੀਂ ਖ਼ੁਦਾ ਦੀ ਨਜ਼ਦੀਕੀ ਵਿਚ ਆ ਸਕਦੇ ਹਾਂ। ਅਸਲ ਵਿਚ ਉਹ ਸਾਡੀ ਆਸ ਹੈ (1 ਤਿਮੋਥਿਉਸ 1:1)।

ਇਬਰਾਨੀਆਂ ਦੀ ਕਿਤਾਬ ਵਿਚ ਫ਼ੋਕਸ ਯਾਜਕਾਈ ਦੀ ਆਪਣੀ ਕੁਰਬਾਨੀ ਦੇ ਰਾਹੀਂ ਮਸੀਹ ਵੱਲੋਂ ਸਾਡੇ ਲਈ ਹਾਸਲ ਕੀਤੀ ਜਾਣ ਵਾਲੀ ਚੀਜ਼ ਉੱਤੇ ਹੈ। ਖ਼ਤ ਦੀ ਮੁੱਖ ਖੂਬੀ ਆਸ ਹੈ (ਵੇਖੋ 3:6; 6:11, 18, 19; 7:19; 10:23)। ਖ਼ੁਦਾ ਦੀ ਨਜ਼ਦੀਕੀ ਵਿਚ ਆਉਣ ਤੇ ਯਿਸੂ ਵਿਚ ਮਿਲਣ ਵਾਲੀ ਸ਼ਾਂਤੀ ਉਨ੍ਹਾਂ ਨੂੰ ਨਹੀਂ ਮਿਲਦੀ ਹੈ ਜਿਹੜੇ ਨਿਹਚਾ ਦੇ ਰਾਹੀਂ ਧਰਮੀ ਨਹੀਂ ਠਹਿਰਾਏ ਗਏ ਹਨ (ਰੋਮੀਆਂ 5:1, 2)। ਨਿਹਚਾ ਬਪਤਿਸਮੇ ਵਿਚ ਮਸੀਹ ਦਾ ਹੁਕਮ ਮੰਨਣ ਤੇ ਸਾਨੂੰ ਸਾਡੇ ਪਾਪਾਂ ਤੋਂ ਧੋਂਦੀ ਹੈ (ਰਸੂਲਾਂ ਦੇ ਕੰਮ 22:16)। ਸਿਰਫ਼ ਇਸੇ ਤਰ੍ਹਾਂ ਨਾਲ ਸ਼ੁੱਧ ਹੋਏ ਲੋਕ ਹੀ ਬੁਰੇ ਅੰਤਹਕਰਣ ਤੋਂ ਛੁੱਟ ਕੇ ''ਕਿਰਪਾ ਦੇ ਸਿੰਘਾਸਣ ਦੇ ਅੱਗੇ ਦਿਲੇਰੀ'' ਨਾਲ (4:16) ਆ ਸਕਦੇ ਹਨ।

**ਆਇਤ 20.** ਮਸੀਹ ਦੀ ਯਾਜਕਾਈ ਲੇਵੀਆਂ ਦੀ ਯਾਜਕਾਈ ਨਾਲੋਂ ਉੱਤਮ ਕਿਉਂ ਹੈ? ਜਵਾਬ ਦੇ ਰੂਪ ਵਿਚ ਇਹ ਭਾਗ ਇਸ ਸਵਾਲ ਦਾ ਜਵਾਬ ਦਿੰਦਾ ਹੈ ਜਿਸ ਵਿਚ ਕਿਤਾਬ ਦੀ ਮੁੱਖ ਗੱਲਾਂ ਹਨ। ਭਲਾ ਅੱਜ ਇਹਦਾ ਸਾਡੇ ਲਈ ਕੋਈ ਮਤਲਬ ਹੈ? ਹਾਂ, ਕਿਉਂ ਜੋ ਜਿਹੜੇ ਲੋਕ ਮਸੀਹ ਤੋਂ ਬਾਹਰ ਹਨ ਉਹ ਹਮੇਸ਼ਾ ਲਈ ਗੁਆਚੇ ਹੋਏ ਹਨ। ਜਿਹੜੇ ਲੋਕ ਅਜੇ ਆਪਣੇ ਪਾਪਾਂ ਵਿਚ ਹਨ ਉਹ ਉੱਥੇ ਨਹੀਂ ਜਾ ਸਕਦੇ ਜਿੱਥੇ ਮਸੀਹ ਹੈ (ਯੂਹੰਨਾ 8:21, 24)। ਪ੍ਰਧਾਨ ਯਾਜਕ ਦੇ ਰੂਪ ਵਿਚ ਸਿਰਫ਼ ਮਸੀਹ ਦਾ ਕੰਮ ਹੀ ਇਸ ਮੁਸ਼ਕਿਲ ਨੂੰ ਹੱਲ ਕਰ ਸਕਦਾ ਹੈ।

ਖ਼ੁਦਾ ਨੇ ''ਉੱਤਮ ਨੇਮ'' ਦੀ ਗਰੰਟੀ ਦਿੱਤੀ ਅਤੇ ਅਜਿਹਾ ਉਸ ਨੇ **ਸਹੁੰ** ਖਾ ਕੇ ਕੀਤਾ। ਖ਼ੁਦਾ ਨੇ ਸਹੁੰ ਖਾਧੀ, ਗੱਲ ਦੇ ''ਪੱਕਾ ਅਤੇ ਅਟੱਲ ਹੋਣ'' ਨੂੰ ਵਿਖਾਉਣ ਲਈ ਬਹੁਤ ਘੱਟ ਸਹੁੰ ਦੀ ਵਰਤੋਂ ਕੀਤੀ।[35] ਖ਼ੁਦਾ ਨੇ ਪੁਰਾਣੇ ਨੇਮ ਵਿਚ ਅਹਿਮ ਸਹੁੰਆਂ ਖਾਧੀਆਂ ਸਨ, ਜਿਵੇਂ (1) ਸਭ ਕੌਮਾਂ ਨੂੰ ਅਬਰਾਹਮ ਦੇ ਰਾਹੀਂ ਬਰਕਤਾਂ ਮਿਲਣ ਦੇ ਸਬੰਧ ਵਿਚ ਉਸ ਨਾਲ ਖਾਧੀ ਗਈ ਸਹੁੰ (ਉਤਪਤ 22:16–18); (2) ਬਾਗੀ ਇਸਰਾਏਲੀਆਂ ਨਾਲ ਕਿ ਉਹ ਖ਼ੁਦਾ ਦੇ ਅਰਾਮ ਵਿਚ ਨਹੀਂ ਵੜਨਗੇ (ਵਿਵਸਥਾਸਾਰ 1:34, 35); (3) ਮੂਸਾ ਨਾਲ ਕਿ ਉਹ ਕਨਾਨ ਵਿਚ ਨਹੀਂ ਜਾ ਸਕੇਗਾ (ਵਿਵਸਥਾਸਾਰ 4:21); ਅਤੇ (4) ਦਾਊਦ ਨਾਲ ਕਿ ਉਹ ਉਸ ਦੀ ਸੰਤਾਨ ਅਤੇ ਉਸ ਦੀ ਰਾਜਗੱਦੀ ਹਮੇਸ਼ਾ ਤਕ ਰਹੇਗੀ (ਜ਼ਬੂਰ 89:3, 4)।

ਖ਼ੁਦਾ ਵੱਲੋਂ ਸ਼ਹੁੰ ਦੀ ਵਰਤੋਂ ਜ਼ੋਰ ਦੇ ਕੇ ਇਹ ਪੱਕਾ ਕਰਨ ਲਈ ਕੀਤ ਗਈ ਕਿ ਉਹ ਆਪਣੇ ਵਾਅਦੇ ਨੂੰ ਪੂਰਾ ਕਰੇਗਾ ਹੀ ਕਰੇਗਾ। ਖ਼ੁਦਾ ਨੇ ਲੇਵੀਆਂ ਦੀ ਯਾਜਕਾਈ ਦੀ ਤਸਦੀਕ ਦੀ ਸਹੁੰ ਨਹੀਂ ਖਾਧੀ ਸੀ। ਲੇਵੀਆਂ ਦੀ ਯਾਜਕਾਈ ਖ਼ੁਦਾ ਦੀਆਂ ਲੰਮੀਆਂ ਯਾਜਨਾਵਾਂ ਲਈ ਜ਼ਰੂਰੀ ਨਹੀਂ ਸੀ ਇਸ ਕਰਕੇ ਇਸ ਨੂੰ ਬਦਲਿਆ ਜਾ ਸਕਦਾ ਸੀ। ਪੁਰਾਣੇ ਨੇਮ ਨਾਲ ਸ਼ਰ੍ਹਾ ਦੇ ਅਟੁੱਟ ਸਬੰਧ ਕਰਕੇ ਯਾਜਕਾਈ ਨੂੰ ਬਦਲਿਆ ਜਾ ਸਕਦਾ ਸੀ ਇਸ ਕਰਕੇ ਸ਼ਰ੍ਹਾ ਨੂੰ ਵੀ ਬਦਲਿਆ ਜਾ ਸਕਦਾ ਸੀ।

**ਆਇਤ 21.** ਇਹ ਆਇਤ ਜ਼ਬੂਰ 110:4 ਦੇ ਪਹਿਲੇ ਭਾਗ ਵਿੱਚੋਂ ਲਈ ਗਈ ਹੈ ਜਿਸ ਨੂੰ ਆਇਤ 17 ਵਿਚ ਛੱਡ ਦਿੱਤਾ ਗਿਆ ਸੀ: ''**ਪ੍ਰਭੂ ਨੇ ਸੌਂਹ ਖਾਧੀ, ਅਤੇ ਉਹ ਨਹੀਂ ਬਦਲੇਗਾ, ਤੂੰ ਸਦਾ ਤੀਕ ਦਾ ਜਾਜਕ ਹੈਂ**'' (ਆਇਤ 22) ਖ਼ੁਦਾ ਨੇ ਮਸੀਹ ਦੀ ਯਾਜਕਾਈ ਦੇ ਮਲਕਿਸਿਦਕ ਦੀ ਯਾਜਕਾਈ ਵਰਗਾ ਹੋਣ ਦੀ ਸਹੁੰ ਖਾਧੀ। ਸ਼ਰ੍ਹਾ ਅਤੇ ਯਾਜਕਾਈ ਦੇ ਬਦਲਣ ਦੀ ਸਹੁੰ ਖਾ ਕੇ ਖ਼ੁਦਾ ''ਨਹੀਂ ਬਦਲੇਗਾ।'' ਮੁਕਤੀ ਦੁਆਉਣ ਅਤੇ ਖ਼ੁਦਾ ਦੇ ਪ੍ਰਤੀ ਲੋੜੀਂਦੀ ਵਿਚੋਲਗੀ ਦੇਣ ਵਾਲੀ ਇਹ ਨਹੀਂ ਯਾਜਕਾਈ ਵੱਡੇ ਮੁੱਲ ਵਾਲੀ ਕਿਸੇ ਵੀ ਲੋੜੀਂਦੀ ਚੀਜ ਨੂੰ ਰਹਿਣ ਨਹੀਂ ਦਿੰਦੀ।

ਜਦ ਖ਼ੁਦਾ ਨੇ ਕੋਈ ਗੱਲ ਕਹੀ ਹੋਵੇ ਤਾਂ ਉਹ ਇਵੇਂ ਹੁੰਦੀ ਹੈ ਜਿਵੇਂ ਹੋ ਹੀ ਗਈ ਹੋਵੇ। ਲੂਕਾ 7:6–10 ਵਿਚ ਪਤਾ ਲਗਦਾ ਹੈ ਕਿ ਯਿਸੂ ਦੇ ਮੂੰਹ ਖੋਲਣ ਨਾਲ ਹੀ ਦੂਰ ਤੋਂ ਹੀ ਰੋਮੀ ਸੂਬੇਦਾਰ ਦਾ ਸੇਵਕ ਚੰਗਾ ਹੋ ਗਿਆ ਸੀ। ਸੂਬੇਦਾਰ ਨੂੰ ਯਿਸੂ ਬਾਰੇ ਇਸ ਹਕੀਕਤ ਦੀ ਸਮਝ ਆ ਗਈ ਸੀ ਇਸ ਕਰਕੇ ਸਾਡੇ ਪ੍ਰਭੂ ਨੇ ਉਹਦੇ ਵਿਸ਼ਵਾਸ ਨੂੰ ਇਸਰਾਏਲ ਵਿੱਚੋਂ ਕਿਸੇ ਵੀ ਵਿਸ਼ਾਸ ਨਾਲੋਂ ਮਜ਼ਬੂਤ ਮੰਨਿਆ। ਇਸ ਆਦਮੀ ਨੇ ਯਿਸੂ ਦੇ ਵਚਨ ਨੂੰ ਉਵੇਂ ਮੰਨਿਆ ਜਿਵੇਂ ਖ਼ੁਦਾ ਦਾ ਵਚਨ ਹੋਵੇ। ਸਾਨੂੰ ਵੀ ਉਵੇਂ ਹੀ ਕਰਨਾ ਜ਼ਰੂਰੀ ਹੈ।

ਖ਼ੁਦਾ ਕਿਸੇ ਗੱਲ ਲਈ ਜਿਸ ਦੀ ਉਸ ਨੇ ਸਹੁੰ ਖਾਧੀ ਹੋਵੇ, ਪਛਤਾਅ ਕੇ ਆਪਣਾ ਮਨ ਨਹੀਂ ਬਦਲੇਗਾ, ਜਦ ਕਿ ਕਈ ਵਾਰ ਉਸ ਨੇ ਅਜਿਹੇ ਮਾਮਲਿਆਂ ਵਿਚ ਜਿੱਥੇ ਸ਼ਰਤ ਦਿੱਤੀ ਗਈ ਹੋਵੇ, ਆਪਣੇ ਮਨ ਨੂੰ ਬਦਲਿਆ ਹੈ। ਮਸੀਹ ਦੀ ਯਾਜਕਾਈ ਨਾਲੋਂ ਉੱਪਰ ਹੋਰ ਕੁਝ ਨਹੀਂ ਹੈ, ਕਿਉਂ ਜੋ ਇਸ ਦੀ ਥਾਂ ਕੋਈ ਨਹੀਂ ਲੈ ਸਕਦਾ। ਇਬਰਾਨੀਆਂ 7 ਅਧਿਆਇ ਤਿੰਨ ਵਾਰ ਦੱਸਦਾ ਹੈ ਕਿ ਉਸ ਦੀ ਯਾਜਕਾਈ ''ਸਦਾ'' ਦੀ ਹੈ (ਆਇਤਾਂ 3, 17, 21)। ਇਹ ਖ਼ੁਦਾ ਦੇ ਫ਼ਜ਼ਲ ਦਾ ਆਖ਼ਰੀ ਯੁੱਗ ਹੈ। ਯਾਨੀ ਇਹ ਅਨਾਦੀਕਾਲ ਤੋਂ ਛੁੱਟ ਜਿਸ ਨੂੰ ''ਯੁੱਗ'' ਨਹੀਂ ਮੰਨਿਆ ਜਾ ਸਕਦਾ, ਕੋਈ ਹੋਰ ਯੁੱਗ ਨਹੀਂ ਆਵੇਗਾ। ਮਸੀਹੀ ਯੁੱਗ ਦੇ ਬਾਅਦ ਹਜ਼ਾਰ ਸਾਲਾ ਯੁੱਗ ਲਈ ਕੋਈ ਥਾਂ ਨਹੀਂ ਹੈ। ਖ਼ੁਦਾ ਦੀ ਸਹੁੰ ਕਾਰਣ ਅਸੀਂ ਇਸ ਤੇ ਇਕ ਸੌ ਇਕ ਫ਼ੀਸਦੀ ਯਕੀਨ ਕਰ ਸਕਦੇ ਹਾਂ।

**ਆਇਤ 22.** ਇਬਰਾਨੀਆਂ ਦੀ ਕਿਤਾਬ ਦੇ ਵਿਸ਼ੇ ਦਾ ਇਕ ਭਾਗ ਇਸ ਆਇਤ ਵਿਚ **ਯਿਸੂ ਹੋਰ ਦੀ ਉੱਤਮ ਨੇਮ ਦਾ ਜਾਮਨ** ਆਇਤ ਵਿਚ ਨਜ਼ਰ ਆਉਂਦਾ ਹੈ। ''ਜਾਮਨ'' ਜਾਂ ''ਜ਼ਮਾਨਤ'' (*enguos*) ਨਵੇਂ ਨੇਮ ਵਿਚ ਹੋਰ ਕਿਤੇ ਨਹੀਂ ਮਿਲਦਾ। ਜ਼ਮਾਨਤ ਦੇਣ ਜਾਂ ਜ਼ਮਾਨਤ ਤੇ ਛੱਡਣ ਜਾਂ ਜ਼ਮਾਨਤ ਦੀ ਰਕਮ ਦੇਣ ਵਾਲੇ ਦੇ ਅਰਥ ਵਿਚ ਇਸ ਸ਼ਬਦ ਦੀ ਵਰਤੋਂ ਪਰਾਚੀਨ ਕਾਨੂੰਨੀ ਦਸਤਾਵੇਜ਼ਾਂ ਵਿਚ ਹੁੰਦੀ ਹੈ। ਇਸ ਨੂੰ ਵਿਆਹ ਵਿਚ ਬੇਟੀ ਦੇ ਦਾਜ ਲਈ ਦਿੱਤੇ ਜਾਣ ਵਾਲੀ ਗਾਰੰਟੀ ਲਈ ਵੀ ਵਰਤਿਆ ਜਾਂਦਾ ਸੀ।[36] ਰਵਾਇਤੀ ਯੂਨਾਨੀ ਭਾਸ਼ਾ ਵਿਚ *enguos* ਉਹ ਆਦਮੀ ਹੁੰਦਾ ਸੀ ਜਿਹੜਾ ਇਹ ਗਰੰਟੀ ਦਿੰਦਾ ਸੀ ਕਿ ਕਾਨੂੰਨੀ ਵਾਅਦਾ ਪੂਰਾ ਕੀਤਾ ਜਾਵੇਗਾ।

ਯਿਸੂ ਦੀ ਮੌਤ ਅਤੇ ਜੀ ਉੱਠਣ ਦੇ ਰਾਹੀਂ, ਉਸ ਨੇ ਸਾਡੀ ਪੂਰੀ ਮਾਫ਼ੀ ਅਤੇ ਅਬਦੀ ਨਜਾਤ ਦੀ ਗਾਰੰਟੀ ਦਿੱਤੀ ਹੈ। ਸਾਡੀ ਨਜਾਤ ਜਾਂ ਮੁਕਤੀ ਮਸੀਹ ਵਿਚ ਅਤੇ ਉਸ ਦੇ ਰਾਹੀਂ ਯਕੀਨੀ ਬਣਾਈ ਜਾਂਦੀ ਹੈ, ਭਾਵ ਉਹ ਸਾਡੀ ਜ਼ਮਾਨਤ ਹੈ। ਅਸੀਂ ਜਾਣ ਸਕਦੇ ਹਾਂ ਕਿ ਸਾਨੂੰ ਛੁਡਾਇਆ ਗਿਆ ਹੈ ਕਿਉਂ ਜੋ ਮਸੀਹ ਨੇ ਸਾਡੇ ਛੁਟਕਾਰੇ ਦੀ ਕੀਮਤ ਚੁਕਾ ਦਿੱਤੀ ਹੈ। ਇਸ ਵਿਚ ਸਾਡਾ ਭਰੋਸਾ ਨਿਹਚਾ ਦੇ ਰਾਹੀਂ ਹੈ। ਸ਼ੁਰੂ ਵਿਚ ਗਾਰੰਟੀ ਖ਼ੁਦਾ ਦੀ ਸਹੁੰ ਦੇ ਰਾਹੀਂ ਦਿੱਤੀ ਗਈ ਸੀ (ਆਇਤ 21)। ਇਹ ਗੱਲ ਕਿ ਮਸੀਹੀ ਲੋਕਾਂ ਨੂੰ ਮਸੀਹ ਵਿਚ ਗਾਰੰਟੀ ਮਿਲੀ ਹੈ ਲੇਖਕ ਦੀ ਚਿੰਤਾ ਨੂੰ ਵਿਖਾਉਂਦੀ ਲਗਦੀ ਹੈ ਕਿ ਇਬਰਾਨੀ ਸਮਾਜ ਦੇ ਲੋਕ ਕਿਸੇ ਘੱਟ ਭਾਵ ਸ਼ਰ੍ਹਾ ਵੱਲ ਨੂੰ ਵਾਪਸ ਜਾ ਸਕਦੇ ਸਨ ਜੋ ਕਿਤੇ ਘੱਟ ਯਕੀਨ ਦਿੰਦੀ ਸੀ ਅਤੇ ਮੁਕਤੀ ਪਾਉਣ ਵਾਲੇ ਦੇ ਕਿਸੇ ਕੰਮ ਦੀ ਨਹੀਂ ਸੀ।

ਮਸੀਹ ''ਇਕ ਉੱਤਮ ਨੇਮ ਦਾ ਜਾਮਨ'' ਹੋਇਆ। ਪੱਤਰੀ ਵਿਚ ਹਿੱਥੇ ''ਨੇਮ'' (*diathēkē*) ਸ਼ਬਦ ਪਹਿਲੀ ਵਾਰ ਆਇਆ ਹੈ। ਪਰ ਇਹ ਇਸ ਦੇ ਬਾਅਦ ਦੀ ਚਰਚਾ ਵਿਚ ਮੁੱਖ ਯੋਗਦਾਨ ਦਿੰਦਾ

ਹੈ (9:16, 17 ਦੇ ਵਿਚ ''ਨੇਮ'' ਸ਼ਬਦ ਦਾ ਅਧਿਐਨ ਵੇਖੋ)। ਇਬਰਾਨੀਆਂ ਦੀ ਕਿਤਾਬ ਨੂੰ ''ਨੇਮ ਦੀ ਪੱਤਰੀ'' ਆਖਿਆ ਗਿਆ ਸੀ। ਲਿਖਤ ''ਅਗਲੇ ਦੋ ਅਧਿਆਇ ਵਿਚ ਆਉਣ ਵਾਲੀਆਂ ਗੱਲਾਂ ਦਾ ਹਿੰਟ ਛੱਡ ਕੇ, ਇਸ ਦੇ ਅੱਗੇ ਕੁਝ ਨਹੀਂ ਕਹਿੰਦੀ।''[37] ਇਹ ਸਚੁਮਚ ਵਿਚ ''ਉੱਤਮ'' ਹੈ ਜੋ ਕਿ ਇਬਰਾਨੀਆਂ ਦੀ ਕਿਤਾਬ ਦਾ ਮੁੱਖ ਵਿਚਾਰ, ਜਿਸ ਵਿਚ ਨਵੇਂ ਨੇਮ ਵਿੱਚੋਂ ਸੋਲਾਹ ਵਾਰ ਵਿਚ ਤੇਰਾਂ ਵਾਰ ਇਸੇ ਕਿਤਾਬ ਵਿਚ ਵਰਤਿਆ ਗਿਆ। ''ਉੱਤਮ ਨੇਮ'' 8:8 ਵਾਲਾ ''ਨਵਾਂ ਨੇਮ'' ਹੀ ਹੈ।

## ਮਸੀਹ ਦੀ ਯਾਜਕਾਈ ਦਾ
## ਸਿੱਧ ਅਤੇ ਅਟੱਲ ਕੰਮ (7:23-28)

**23ਫੇਰ ਓਹ ਤਾਂ ਬਹੁਤ ਜਾਜਕ ਬਣੇ ਸਨ ਏਸ ਲਈ ਜੋ ਮੌਤ ਨੇ ਉਨ੍ਹਾਂ ਨੂੰ ਟਿਕਣ ਨਾ ਦਿੱਤਾ।
24ਪਰ ਇਹ ਸਦਾ ਤੀਕ ਜੋ ਰਹਿੰਦਾ ਹੈ ਇਸ ਕਰਕੇ ਇਹ ਦੀ ਜਾਜਕਾਈ ਅਟੱਲ ਹੈ। 25ਇਸ ਲਈ
ਉਹ ਉਨ੍ਹਾਂ ਦਾ ਜਿਹੜੇ ਉਹ ਦੇ ਰਾਹੀਂ ਪਰਮੇਸ਼ੁਰ ਦੇ ਕੋਲ ਆਉਂਦੇ ਹਨ ਪੂਰਾ ਨਿਸਤਾਰਾ ਕਰ ਸੱਕਦਾ
ਹੈ ਕਿਉਂ ਜੋ ਉਹ ਉਨ੍ਹਾਂ ਦੀ ਸਫ਼ਾਰਸ਼ ਕਰਨ ਨੂੰ ਸਦਾ ਜੀਉਂਦਾ ਹੈ। 26ਇਹੋ ਜਿਹਾ ਪਰਧਾਨ ਜਾਜਕ
ਸਾਡੇ ਲਈ ਫੱਬਦਾ ਸੀ ਜਿਹੜਾ ਪਵਿੱਤਰ ਨਿਰਦੋਸ਼ ਨਿਰਮਲ, ਪਾਪੀਆਂ ਤੋਂ ਨਿਆਰਾ ਅਤੇ ਅਕਾਸ਼ਾਂ
ਤੋਂ ਉੱਚਾ ਕੀਤਾ ਹੋਇਆ ਹੋਵੇ। 27ਜਿਹ ਨੂੰ ਉਨ੍ਹਾਂ ਪਰਧਾਨ ਜਾਜਕ ਵਾਂਙੁ ਲੋੜ ਨਹੀਂ ਭਈ ਪਹਿਲਾਂ
ਆਪਣਿਆਂ ਅਤੇ ਫੇਰ ਪਰਜਾ ਦਿਆਂ ਪਾਪਾਂ ਲਈ ਬਲੀਦਾਨ ਨਿੱਤ ਚੜ੍ਹਾਇਆ ਕਰੇ ਕਿਉਂ ਜੋ ਉਹ
ਇੱਕੋ ਵਾਰ ਇਹ ਕਰ ਗੁਜ਼ਰਿਆ ਜਦੋਂ ਆਪਣੇ ਆਪ ਨੂੰ ਚੜ੍ਹਾ ਦਿੱਤਾ। 28ਸ਼ਰਾ ਤਾਂ ਮਨੁੱਖਾਂ ਨੂੰ ਜਿਹੜੇ
ਨਿਤਾਣੇ ਹਨ ਪਰਧਾਨ ਜਾਜਕ ਠਹਿਰਾਉਂਦੀ ਹੈ ਪਰ ਸੌਂਹ ਦਾ ਵਚਨ ਜਿਹੜਾ ਸ਼ਰਾ ਦੇ ਮਗਰੋਂ ਹੋਇਆ
ਸੀ ਪੁੱਤਰ ਨੂੰ, ਜੋ ਸਦਾ ਤੀਕ ਸਿੱਧ ਕੀਤਾ ਹੋਇਆ ਹੈ।**

7:22–28 ਵਾਲੇ ਯਾਜਕਾਈ ਦੀਆਂ ਵੱਡੀਆਂ ਆਇਤਾਂ ਵਿਚ ਮਸੀਹ ਦੀਆਂ ਤਿੰਨ ਤਸੀਵਰਾਂ ਦਿੱਤੀਆਂ ਗਈਆਂ ਹਨ। ਅਸੀਂ ਪਹਿਲਾਂ ਹੀ ਵੇਖ ਚੁੱਕੇ ਹਾਂ ਕਿ ਉਹ ਸਾਡਾ ''ਇਕ ਪਵਿੱਤਰ ਨੇਮ ਦਾ ਜਾਮਨ'' ਹੈ (ਆਇਤ 22)। ਅਸੀਂ ਇਹ ਵੀ ਵੇਖਦੇ ਹਾਂ ਕਿ ਉਹ ਸਾਡਾ ਅਬਦੀ ਯਾਜਕ ਅਤੇ ਸਾਡੀ ਅਸਰਦਾਇਕ ਕੁਰਬਾਨੀ ਹੈ (ਆਇਤਾਂ 26, 27)। ਰੇਮੰਡ ਬ੍ਰਾਊਨ ਨੇ ਲਿਖਿਆ ਹੈ ਕਿ ਮਸੀਹ ਦੇ ਯਾਜਕਾਈ ਵਾਲੇ ਕੰਮ ਅਤੇ ਕੁਰਬਾਨੀ ਵਿਚ ਉਸ ਦੀ ''ਅਟੱਲ ਪ੍ਰਾਪਤੀ, ਬੇਹੱਦ ਸ਼ਕਤੀ, ਵਰਤਮਾਨ ਸੇਵਕਾਈ, ਪਾਪ ਰਹਿਤ ਸੁਭਾਅ ਅਤੇ ਮੁਕੰਮਲ ਕੁਰਬਾਨੀ ਹੈ।''[38]

**ਆਇਤਾਂ 23, 24. ਯਾਜਕ** 70ਈਸਵੀ ਵਿਚ ਯਰੂਸ਼ਲਮ ਦੀ ਬਰਬਾਦੀ ਤੋਂ ਪਹਿਲਾਂ ਹੈਕਲ ਦੇ ਢਾਏ ਜਾਣ ਤੇ ਉਨ੍ਹਾਂ ਦੀਆਂ ਕੁਰਬਾਨੀਆਂ ਬੰਦ ਹੋ ਗਈਆਂ ਸਨ, ਇਬਰਾਨੀਆਂ ਦੀ ਕਿਤਾਬ ਵਿਖੇ ਜਾਣ ਵੇਲੇ ਹੈਕਲ ਦੀ ਸੇਵਾ ਕਰ ਰਹੇ ਸਨ। ਲੇਖਕ ਮੁੱਖ ਤੌਰ ਤੇ ਬੀਤੇ ਆਦਰਸ਼ ਸਮੇਂ ਦੀ ਗੱਲ ਕਰ ਰਿਹਾ ਹੋਵੇਗਾ ਜਦ ਹਾਰੂਨ ਦੇ ਪਰਿਵਾਰ ਦੇ ਸਹੀ ਪ੍ਰਧਾਨ ਯਾਜਕ ਸੇਵਾ ਕਰ ਰਹੇ ਸਨ। ਇਹੀ ਕਾਰਣ ਹੋ ਸਕਦਾ ਹੈ ਕਿ ਇਬਰਾਨੀਆਂ ਦੀ ਕਿਤਾਬ ਖ਼ਾਸ ਤੌਰ ਦੇ ਹੈਕਲ ਦਾ ਕੋਈ ਜ਼ਿਕਰ ਨਹੀਂ ਹੈ।

**ਮੌਤ** ਜਾਂ ਅਹੁਦੇ ਤੇ ਉਨ੍ਹਾਂ ਦੇ ਸੀਮਤ ਸਮੇਂ ਕਰਕੇ ਸ਼ਰ੍ਹਾ ਅਧੀਨ ਬੇਸ਼ੁਮਾਰ ਜਾਂ **ਬਹੁਤੇ ਪ੍ਰਧਾਨ ਯਾਜਕਾਂ** ਨੇ ਸੇਵਾ ਕੀਤੀ। ਜਦ ਕਿ ਕਲੀਸੀਆ ਵਿਚ ਹਮੇਸ਼ਾ ਹਮੇਸ਼ਾ ਲਈ ਸਾਡਾ ਇੱਕੋ ਹੀ ਪ੍ਰਧਾਨ ਯਾਜਕ ਹੈ। ਜੋਸਫ਼ਸ ਦੇ ਅਨੁਸਾਰ ਯਰੂਸ਼ਲਮ ਦੀ ਬਰਬਾਦੀ ਤੋਂ ਪਹਿਲਾਂ ਤਰਿਆਸੀ ਪ੍ਰਧਾਨ ਯਾਜਕ ਸਨ।[39] ਬਹੁਤ ਸਾਰੇ ਹੋਰ ਪ੍ਰਧਾਨ ਯਾਜਕ ਵੀ ਸਨ ਜਿਨ੍ਹਾਂ ਦੀ ਇੱਕੋ ਸਮੇਂ ਵਿਚ ਗਿਣਤੀ ਪੰਦਰਾਂ ਸੌ ਹੁੰਦੀ ਸੀ।[40] ਹਰ ਯਾਜਕ ਬਾਰੇ ''ਅਤੇ ਉਹ ਮਰ ਗਿਆ'' ਵਰਗੇ ਵਾਕਅੰਸ਼ ਨਾਲ ਖ਼ਤਮ ਹੁੰਦਾ ਹੈ। ਮੂਸਾ ਹਾਰੂਨ ਅਤੇ ਉਸ ਦੇ ਪੁੱਤਰ ਏਲੀਆਜ਼ਾਰ ਨੂੰ ਹੋਰ ਪਹਾੜ ਦੀ ਚੋਟੀ ਤੇ ਲੈ ਗਿਆ, ਉੱਥੇ ਉਸ

ਨੇ ਹਾਰੂਨ ਦੇ ਯਾਜਕਾਈ ਵਾਲੇ ਲਿਬਾਸ ਨੂੰ ਉਤਾਰ ਕੇ ਉਸ ਨੂੰ ਉਸ ਦੇ ਪੁੱਤਰ ਨੂੰ ਦੇ ਦਿੱਤਾ। ਫਿਰ ਹਾਰੂਨ ਪਹਾੜ ਉੱਤੇ ਮਰ ਗਿਆ। ਪਿਛਲੇ ਪ੍ਰਧਾਨ ਯਾਜਕਾਂ ਦੇ ਮਰ ਜਾਣ ਅਤੇ ਯਾਜਕਾਈ ਅੱਗੇ ਦਿੱਤ ਜਾਣ ਨਾਲ ਅਜਿਹਾ ਹੀ ਹੁੰਦਾ ਰਿਹਾ। ਮਸੀਹ ਦੀ ਉੱਤਮ ਪ੍ਰਧਾਨ ਯਾਜਕਾਈ **ਅਟੱਲ ਹੈ** ਸ਼ਬਦਾਂ ਵਿਚ ਨਜ਼ਰ ਆਉਂਦੀ ਹੈ (ਆਇਤ 24ੳ) ਭਾਵ ਯਾਜਕ ਦੀ ਉਸ ਦੀ ਵਾਰੀ ਕਦੇ ਖ਼ਤਮ ਨਹੀਂ ਹੋਈ। ਜ਼ਬੂਰ 110:4 ਵਾਲੀ ਨਬੂਵਤ ਇਬਰਾਨੀਆਂ 7:21 ਵਿਚ ਦੁਹਰਾਈ ਗਈ ਸੀ: ''... ਤੂੰ ਸਦਾ ਤੀਕ ਦਾ ਯਾਜਕ ਹੈਂ।'' ਕੋਈ ਯਹੂਦੀ ਸਦਾ ਤੀਕ ਯਾਜਕ ਨਹੀਂ ਰਹਿ ਸਕਦਾ ਸੀ, ਪਰ ਮਸੀਹ ਹੈ, ਕਿਉਂਕਿ ਉਹ ਫੇਰ ਕਦੇ ਨਾ ਮਰਨ ਲਈ ਮੁਰਦਿਆਂ ਵਿੱਚੋਂ ਜੀ ਉੱਠਿਆ ਸੀ।

ਆਇਤ 16 ਦੋਹਾਂ ਯਾਜਕਾਈਆਂ ਵਿਚਲੇ ਫ਼ਰਕ ਨੂੰ ਉਜਾਗਰ ਕਰਦੀ ਹੈ। ਜਿਸ ਵਿਚ ਇਕ ਤਾਂ ਦੁਨਿਆਵੀ ''ਸਰੀਰਕ'' ਹੈ ਅਤੇ ਦੂਜੀ ਵਿਚ ''ਅਵਿਨਾਸੀ ਜੀਵਨ ਦੀ ਸ਼ਕਤੀ'' ਆਇਤ 23 ਬਹੁਤੇ ਬਨਾਮ ਇਕ ਦੇ ਇਕ ਹੋਰ ਫ਼ਰਕ ਉੱਤੇ ਜ਼ੋਰ ਦਿੰਦੀ ਹੈ। ਮਸੀਹ ਕੋਲ ਅੱਜ ਵੀ ਉਸ ਸ਼ਕਤੀ ਹੈ ਜਿਸ ਦੀ ਵਰਤੋਂ ਉਸ ਨੇ ਚੰਗਿਆਈ ਦੇ ਕੇ ਅਤੇ ਹੋਰ ਮੋਅਜਜ਼ੇ ਕਰਕੇ ਧਰਤੀ ਉੱਤੇ ਕੀਤੀ ਸੀ, ਬੇਸ਼ੱਕ ਇੰਜੀਲ ਦੇ ਪੱਕਾ ਹੋ ਜਾਣ ਤੇ ਮੋਅਜਜ਼ਿਆਂ ਦਾ ਯੁੱਗ ਖ਼ਤਮ ਹੋ ਗਿਆ (ਵੇਖੋ 2:1–4)। ਧਰਤੀ ਉਤਲੀ ਮਸੀਹ ਦੀ ਸੇਵਕਾਈ ਦੌਰਾਨ ਉਸ ਦੇ ਮੋਅਜਜ਼ੇ ਦੀਆਂ ਗੱਲਾਂ ਸੁਣ ਕੇ ਮੁੱਢਲੇ ਮਸੀਹੀ ਲੋਕਾਂ ਦਾ ਵਿਸ਼ਵਾਸ ਮਜ਼ਬੂਤ ਹੋ ਗਿਆ ਹੋਣਾ ਚਾਹੀਦਾ ਹੈ, ਜੋ ਕਿ ਕਾਫ਼ੀ ਨਹੀਂ ਹੋ ਜਾਣਾ ਚਾਹੀਦਾ ਸੀ। ਸ਼ਾਇਦ ਉਹ ਹੈਰਾਨ ਸਨ ਕਿ ''ਮਸਹੀਹ ਨੇ ਉਦੋਂ ਤੋਂ ਲੈ ਕੇ ਸਾਡੇ ਲਈ ਕੀ ਕੀਤਾ ਹੈ?'' ਉਨ੍ਹਾਂ ਨੂੰ ਇਹ ਸਮਝਣਾ ਜ਼ਰੂਰੀ ਸੀ ਕਿ ਸਿਫ਼ਾਰਿਸ਼ ਕਰਨ ਦਾ ਮੌਜੂਦਾ ਕੰਮ (ਆਇਤ 25) ਉਸ ਦੇ ਪਿਛਲੇ ਨਜ਼ਰ ਆਉਣ ਵਾਲੇ ਮੋਅਜਜ਼ਿਆਂ ਵਾਂਗ ਹੀ ਅਹਿਮ ਹੈ।

ਮਸੀਹ **ਦੀ ਯਾਜਕਾਈ ਅਟੱਲ ਹੈ** (ਆਇਤ 24ਅ)। ਅਨੁਵਾਦ ਹੋਇਆ ਸ਼ਬਦ ''ਅਟੱਲ'' ***aparabatos*** ਹੈ, ਜਿਸ ਤੋਂ ਭਾਵ ''ਬੇਬਦਲ'' ਹੈ ਜੋ ਇਸ ਗੱਲ ਦਾ ਸੰਕੇਤ ਹੈ ਕਿ ਯਾਜਕਾਈ ਕਿਸੇ ਹੋਰ ਨੂੰ ਕਦੇ ਨਹੀਂ ਦਿੱਤੀ ਜਾ ਸਕਦੀ।[41] ਇਹ ਕਲਪਨਾ ਕਰਨਾ ਵੀ ਕਿ ਮਸੀਹ ਦਾ ਰੁਤਬਾ ਕਿਸੇ ਡਿਨੋਮਿਨੇਸ਼ਨ ਦੇ ਮੋਢੀ ਜਾਂ ਨਬੀ ਨੂੰ ਦਿੱਤਾ ਜਾ ਸਕਦਾ ਹੈ, ਇਸ ਗੱਲ ਦੀ ਰੌਸ਼ਨੀ ਵਿਚ, ਸੋਚਿਆ ਵੀ ਨਹੀਂ ਜਾ ਸਕਦਾ।

**ਆਇਤ 25.** ਯਰੂਸ਼ਲਮ ਦੇ ਆਖ਼ਰੀ ਪ੍ਰਧਾਨ ਯਾਜਕ ਨੂੰ ਅਹੁਦੇ ਉੱਤੇ ਮਜ਼ਾਕ ਦੇ ਰੂਪ ਵਿਚ ਜੇਲੋਤੇਸਾਂ ਵੱਲੋਂ ਰੱਖਿਆ ਗਿਆ ਸੀ। ਉਹ ਇਕ ਨਾਲਾਇਕ ਸੀ ਜਿਸ ਨੂੰ ਪਤਾ ਹੀ ਨਹੀਂ ਸੀ ਕਿ ਮਹਾਯਾਜਾਕ ਹੋਣ ਦਾ ਕੀ ਮਤਲਬ ਹੈ।[42] ਉਸ ਪ੍ਰਧਾਨ ਯਾਜਕ ਦੀ ਨਾਲਾਇਕੀ **ਪੂਰਾ ਨਿਸਤਾਰਾ ਕਰ** ਸਕਣ ਦੀ ਮਸੀਹ ਦੀ ਕਾਬਲੀਅਤ ਦੇ ਬਿਲਕੁਲ ਉਲਟ ਹੈ। ਉਸ ਦੀ ਮੌਤ ਨੇ ਉਸ ਦੇ ਪ੍ਰਧਾਨ ਯਾਜਕ ਹੋਣ ਨੂੰ ਘੱਟ ਨਹੀਂ ਕੀਤਾ ਕਿਉਂ ਜੋ ਥੋੜੀ ਦੇਰ ਬਾਅਦ ਉਹ ਹਮੇਸ਼ਾ ਲਈ ਜ਼ਿੰਦਾ ਰਹਿਣ ਵਾਸਤੇ ਮੁਰਦਿਆਂ ਵਿੱਚੋਂ ਜੀ ਉੱਠਿਆ। ''ਅਗਾਹਾਂ ਨੂੰ ਮੌਤ ਦਾ ਉਸ ਉੱਤੇ ਵੱਸ ਨਹੀਂ'' (ਰੋਮੀਆਂ 6:9)। ਮਸੀਹ ਕੋਲ ਪ੍ਰਧਾਨ ਯਾਜਕ ਦਾ ਉਹ ਅਹੁਦਾ ਅਟੱਲ ਹੈ ਅਤੇ ਕੋਈ ਉਸ ਦੀ ਥਾਂ ਨਹੀਂ ਲੈ ਸਕਦਾ।

ਮਸੀਹ ਬਚਾਅ ਸਕਦਾ ਹੈ, ਕੁਝ ਤਾਂ ਇਸ ਲਈ ਕਿਉਂ ਜੋ ਉਹ ਸਾਡੇ ਪ੍ਰਧਾਨ ਯਾਜਕ ਦੇ ਰੂਪ ਵਿਚ ਹਮੇਸ਼ਾ ਜੀਉਂਦਾ ਹੈ। ਸ਼ਕਤੀ ਦੇ ਉਸ ਦੇ ਪਿਛਲੇ ਮੁਜ਼ਾਹਿਰੇ ਹੁਣ ਨਜ਼ਰ ਨਹੀਂ ਆਉਂਦੇ ਪਰ ਜੋ ਕੁਝ ਉਹ ਹੁਣ ਕਰਦਾ ਹੈ ਉਹ ਉਸ ਦੀ ਸ਼ਕਤੀ ਦਾ ਮੁਜ਼ਾਹਿਰਾ ਹੈ ਜਿਸ ਦੀ ਨਾ ਤਾਂ ਸਮੇਂ ਵਿਚ ਅਤੇ ਨਾ ਅਨਾਦਿਕਾਲ ਵਿਚ ਕੋਈ ਹੱਦ ਹੈ। ਸਾਨੂੰ ਅਜਿਹੇ ਮੁਕਤੀਦਾਤੇ ਦੀ ਲੋੜ ਹੈ ਜਿਹੜਾ ਬਚਾਅ **ਸਕਦਾ ਹੈ,** ਭਾਵ ਜਿਸ ਕੋਲ ਸ਼ਕਤੀ ਹੈ। ਮਸੀਹ ਕੋਲ ਅਬਦੀ ਮੌਤ ਤੋਂ ਬਚਾਉਣ ਲਈ ਲੋੜੀਂਦੀ ਸ਼ਕਤੀ ਹੈ। ਕਲਵਰੀ ਉੱਤੇ ਆਪਣੀ ਕੁਰਬਾਨੀ ਨਾਲ ਉਹ ਹੁਕਮ ਮੰਨਣ ਵਾਲਿਆਂ ਨੂੰ ਪਾਪ ਦੇ ਕਾਰਣ ਮਿਲਣ ਵਾਲੀ ਸਜ਼ਾ ਤੋਂ ਬਚਾ ਸਕਦਾ ਹੈ (5:8, 9)।

''ਨਿਸਤਾਰਾ ਕਰ'' ਲਈ ਸ਼ਬਦ ਵਰਤਮਾਨ ਕਾਲ ਵਿਚ ਹੈ; ਦੂਜੇ ਸ਼ਬਦਾਂ ਵਿਚ ਉਹ ਬਚਾਉਂਦਾ

ਰਹਿੰਦਾ ਹੈ। ਇਸੇ ਤਰ੍ਹਾਂ 1 ਕੁਰਿੰਥੀਆਂ 10:13 ਵਿਚ ਪੌਲੁਸ ਨੇ ਆਖਿਆ ਕਿ ਯਿਸੂ ਕੋਲ ਕਿਸੇ ਵੀ ਅਜ਼ਮਾਈਸ਼ ਤੋਂ ਬਚਾਉਣ ਦਾ ਢੰਗ ਕੱਢਣ (ਜਾਂ ''ਨਿਸਤਾਰਾ ਕਰਨ'' ਦੀ ਸ਼ਕਤੀ ਹੈ) ਅਜਿਹਾ ਵੁਹ ਫ਼ਰਿਸ਼ਤਿਆਂ ਦੇ ਰਾਹੀਂ ਕਰ ਸਕਦਾ ਹੈ (1:14), ਪਰ ਮਸੀਹ ਉਨ੍ਹਾਂ ਦੇ ਰਾਹੀਂ ਕੰਮ ਕਰ ਰਿਹਾ ਹੈ। ਆਪਣੀ ਜ਼ਿੰਦਗੀ ਅਤੇ ਆਪਣੀ ਯਾਜਕਾਈ ਦੇ ਅਟੱਲ ਹੋਣ ਕਰਕੇ ਉਹ ਉਨ੍ਹਾਂ ਨੂੰ ਜਿਹੜੇ ਵਫ਼ਾਦਾਰ ਰਹਿੰਦੇ ਹਨ ਪਾਪ ਦੀ ਸ਼ਕਤੀ ਤੋਂ ਬਚਾਉਂਦਾ ਰਹਿੰਦਾ ਹੈ। ਮਸੀਹੀ ਲੋਕਾਂ ਨੂੰ ਅਜੇ ਵੀ ''ਨਿਸਤਾਰਾ'' ਪਾਉਣ ਦੀ ਲੋੜ ਹੈ।[43] ਮਸੀਹ ਸਾਨੂੰ ਪਿਤਾ ਕੋਲ ਇਵੇਂ ਪਹੁੰਚਾ ਸਕਦਾ ਹੈ ਜਿਵੇਂ ਪਹਿਲਾਂ ਕਦੇ ਸੋਚਿਆ ਵੀ ਨਹੀਂ ਸੀ। ਕਿਉਂ ਜੋ ਉਹ ''ਤੁਹਾਨੂੰ ਠੇਡੇ ਖਾਣ ਤੋਂ ਬਚਾ ਸਕਦਾ ਅਤੇ ਤੁਹਾਨੂੰ ਆਪਣੀ ਮਹਿਮਾ ਦੇ ਸਨਮੁੱਖ ਅਨੰਦ ਸਹਿਦ ਨਿਰਮਲ ਖੜਾ ਕਰ ਸਕਦਾ ਹੈ'' (ਯਹੂਦਾ 24)। ਸਾਡੇ ਲਈ ਉਸ ਦੀ ਸਿਫ਼ਾਰਿਸ ਸਾਡੀ ਮਦਦ ਦਾ ਲਗਾਤਾਰ ਜ਼ਰੀਆ ਹੈ।

NASB ਦੇ ਅਨੁਵਾਦਕਾਂ ਨੇ ਉਸ ਹੱਦ ਦਾ ਜਿੱਥੋਂ ਤਕ ਉਹ ਸਾਨੂੰ ਬਚਾਉਂਦਾ ਹੈ ਬਿਆਨ ਕਰਨ ਲਈ ਹਮੇਸ਼ਾ (*pantelēs*) ਸ਼ਬਦ ਚੁਣਿਆ, ਪਰ NKJV ਅਤੇ ASV ਵਿਚ ''ਬੇਹੱਦ'' ਹੈ। ਮਸੀਹ ਕੰਮ ਨੂੰ ਵਿਚਕਾਰ ਨਹੀਂ ਛੱਡਦਾ ਬਲਕਿ ਜਦ ਤਕ ਸਾਨੂੰ ਉਸ ਦੀ ਸ਼ਕਤੀ ਦੀ ਲੋੜ ਹੈ ਉਹ ਇਸ ਨੂੰ ਦਿੰਦਾ ਰਹਿੰਦਾ ਹੈ। ਇਸੇ ਕਰਕੇ ਉਹ ਸਾਡੇ ਲਈ ਸਿਫ਼ਾਰਿਸ਼ ਕਰਦਾ ਹੈ। ਉਸ ਦੇ ਸਿਫ਼ਾਰਿਸ਼ੀ ਕੰਮ ਤੇ ਪੌਲੁਸ ਵੱਲੋਂ ਜ਼ੋਰ ਦਿੱਤਾ ਗਿਆ (ਰੋਮੀਆਂ 8:33, 34)। ਸਾਨੂੰ ਇਸ ਯਾਜਕ ਦੀ ਲੋੜ ਹੈ ਕਿਉਂ ਜੋ ਜਿਵੇਂ ਉਸ ਨੇ ਆਖਿਆ ਹੈ, ''ਕੋਈ ਮੇਰੇ ਵਸੀਲੇ ਬਿਨਾਂ ਪਿਤਾ ਦੇ ਕੋਲ ਨਹੀਂ ਜਾਂਦਾ'' (ਯੂਹੰਨਾ 14:6)। ਇਹ ਦਾਅਵਾ ਕਿ ਮਸੀਹ ਸਾਡਾ ਸਿਫ਼ਾਰਿਸ਼ ਕਰਨ ਵਾਲਾ ਹੈ ਬਾਈਬਲ ਦੀਆਂ ਹੋਰ ਮਹਾਨ ਗੱਲਾਂ ਵਿੱਚੋਂ ਇਕ ਹੈ।

ਬਰੂਸ ਦਾ ਮੰਨਣਾ ਸੀ ਕਿ ਰੋਮੀਆਂ 8:33, 34 ਦੇ ਸ਼ਬਦ ''ਨਿਹਚਾ ਦੇ ਮੁੱਢਲੇ ਮਸੀਹੀ ਇਕਰਾਰ ਦੀ ਗੂੰਜ ਨੂੰ ਸੁਣਾਉਂਦੇ ਹਨ'' ਜਿਸ ਨੇ ਯਿਸੂ ਦੀ ਮੌਤ, ਜੀ ਉੱਠਣ, ਤਾਜਪੋਸ਼ੀ ਅਤੇ ਸਿਫ਼ਾਰਿਸ਼ ਕਰਨ ਵਾਲੇ ਦੇ ਰੂਪ ਵਿਚ ਉਸ ਦੇ ਕੰਮ ਦੀ ਗਵਾਹੀ ਮਿਲੀ ਸੀ।[44] ਬੇਸ਼ੱਕ ਮਸੀਹੀ ਲੋਕ ਸੁਰਗ ਵਿਚ ਆਪਣੀਆਂ ਲੋੜਾਂ ਦੀ ਰਾਹ ਤੱਕਦਿਆਂ ਅਜਿਹੇ ਸਾਥੀ ਦੇ ਹੋਣ ਵਿਚ ਆਨੰਦ ਕਰ ਸਕਦੇ ਹਨ। ਯਸਾਯਾਹ 53:12 ਵਿਚ ਇਸ ਕੰਮ ਦੀ ਨਬੂਵਤ ਕੀਤੀ ਗਈ ਸੀ। ਵੱਡੀਆਂ ਵੱਡੀਆਂ ਸ਼ਾਨਦਾਰ ਬਰਕਤਾਂ ਉਨ੍ਹਾਂ ਲੋਕਾਂ ਲਈ ਰੱਖੀਆਂ ਗਈਆਂ ਹਨ ਜਿਹੜੇ ਮਸੀਹ ਵਿਚ ਖ਼ੁਦਾ ਦੇ ਨੇੜੇ ਆਉਂਦੇ ਹਨ। ਲੇਵੀ ਯਾਜਕਾਂ ਨੇ ਆਪਣੇ ਕੰਮ ਦੇ ਰਾਹੀਂ ਇਸ ਦੇ ਹੋਣ ਦੀ ਸੰਭਾਵਨਾ ਤੇ ਵਿਚਾਰ ਵੀ ਕੀਤਾ ਹੋਵੇਗਾ। ਥੱਕੇ ਮਾਂਦਿਆਂ ਲਈ ਆਰਾਮ ਹੈ (ਮੱਤੀ 11:28–30), ਅਤੇ ਖ਼ੁਦਾ ਬਾਪ ਤਕ ਜਾਣ ਖੁੱਲੇ ਰਾਹ ਦਾ ਭਰੋਸਾ ਹੈ (ਯੂਹੰਨਾ 14:6)। ਕੋਈ ਹੋਰ ਰਾਹ ਦਿੱਤਾ ਹੀ ਨਹੀਂ ਗਿਆ ਹੈ।

ਅਨੁਵਾਦ ਹੋਇਆ ਸ਼ਬਦ **ਸਫ਼ਾਰਸ਼,** *entugchanō* ਇਸ ਪੱਤਰੀ ਵਿਚ ਹੋਰ ਕਿਤੇ ਨਹੀਂ ਮਿਲਦਾ; ਪਰ ਆਤਮਾ ਦੇ ਰਾਹੀਂ ਅਤੇ ਮਸੀਹ ਦੇ ਰਾਹੀਂ ਸਿਫ਼ਾਰਿਸ਼ ਦੇ ਸਬੰਧ ਵਿਚ ਪੌਲੁਸ ਨੇ ਇਸ ਦੀ ਵਰਤੋਂ ਕੀਤੀ ਹੈ (ਰੋਮੀਆਂ 8:26, 34)। ਯਿਸੂ ਸਾਡੇ ਲਈ ਉਹੀ ਕਰਦਾ ਹੈ ਜੋ ਉਸ ਨੇ ਯੂਹੰਨਾ 17:6–26 ਵਿਚ ਰਸੂਲਾਂ ਨੇ ਕੀਤਾ। ਇਹ ਉਸ ਤੋਂ ਜੋ ਸਾਡੀ ਅਕਹਿ ਤੜਪ ਨੂੰ ਸਿਫ਼ਾਰਿਸ਼ ਦੇ ਵਿਦਾਈ ਸੰਦੇਸ਼ਾਂ ਵਿਚ ਬਦਲ ਕੇ ਆਤਮਾ ਨੇ ਸਾਨੂੰ ਖ਼ੁਦਾ ਦੇ ਜਵਾਬ ਦਾ ਭਰੋਸਾ ਦੇਣ ਨਾਲੋਂ ਫ਼ਰਕ ਹੈ। ਇਹ ਪੁਰਾਣੇ ਨੇਮ ਦੇ ਪ੍ਰਧਾਨ ਯਾਜਕ ਵੱਲੋਂ ਆਪਣੇ ਪਾਪਾਂ ਦੀ ਸਜ਼ਾ ਪਾਉਣ ਲਈ ਆਉਣ ਵਾਲੇ ਅਰਾਧਕਾਂ ਲਈ ਕੁਰਬਾਨੀਆਂ ਵਿਚ ਆਪਣੀ ਸਫ਼ਾਰਸ਼ ਜੋੜ ਕੇ ''ਟਾਲ ਦੇਣ'' ਨਾਲ ਮਿਲਾਇਆ ਜਾ ਸਕਦਾ ਹੈ।[45]

ਪੌਲੁਸ ਅਤੇ ਇਬਰਾਨੀਆਂ ਦੇ ਲੇਖਕ ਦੋਹਾਂ ਨੇ ਸਫ਼ਾਰਸ਼ ਦੇ ਮਸੀਹ ਦੇ ਕੰਮ ਨੂੰ ਜ਼ਬੂਰ 110 ਨਾਲ ਜੋੜ ਦਿੱਤਾ। ਯਸਾਯਾਹ 53:12 ਵੀ ਅਪਰਾਧੀਆਂ ਦੀ ਸਫ਼ਾਰਸ਼ ਕਰਨ ਵਾਲੇ ਦੇ ਰੂਪ ਚਿਵ ਵਿਖਾ ਕੇ ਇਸ ਧਾਰਨਾ ਦਾ ਆਧਾਰ ਬਣਾਉਂਦਾ ਹੋਇਆ ਲਗਦਾ ਹੈ।

**ਆਇਤਾਂ 26, 27.** ਇਹ ਢੁਕਵਾਂ ਸੀ ਕਿ ਸਾਨੂੰ ਹਾਲਾਤ ਦੀ ਲੋੜ ਮੁਤਾਬਿਕ ਇਕ **ਪ੍ਰਧਾਨ**

**ਯਾਜਕ** ਦਿੱਤਾ ਜਾਂਦਾ ਜਿਹੜਾ ਪੂਰੀ ਤਰ੍ਹਾਂ ਨਾਲ ਪਾਪ ਤੋਂ ਮੁਕਤ ਹੁੰਦਾ। ਉਸ ਲਈ **ਪਵਿੱਤਰ** (*hosios*) ਹੋਣਾ ਜ਼ਰੂਰੀ ਸੀ ਜਿਸ ਤੋਂ ਭਾਵ ''ਭਗਤ, ਪਾਕ, ਖ਼ੁਦਾ ਨੂੰ ਭਾਉਣ ਵਾਲਾ'' ਹੈ।[46] ਇਹ ਸ਼ਬਦ ਉਸੇ ਸ਼ਖ਼ਸ ਨੂੰ ਵਿਖਾਉਂਦਾ ਹੈ ਜਿਹੜਾ ਵਫ਼ਾਦਾਰੀ ਅਤੇ ਹੁਸ਼ਿਆਰੀ ਨਾਲ ਖ਼ੁਦਾ ਪ੍ਰਤੀ ਆਪਣੇ ਫ਼ਰਜਾਂ ਨੂੰ ਨਿਭਾਉਂਦਾ ਹੈ।[47] ਪੁਰਾਣੇ ਨੇਮ ਦੇ ਯਾਜਕ ਲਈ ਪਵਿੱਤਰ ਹੋਣਾ ਜ਼ਰੂਰੀ ਸੀ। ਕਿਉਂ ਜੋ ਅਜਿਹਾ ਸ਼ਖ਼ਸ ਹੀ ਹੈਕਲ ਵਿਚ ਵੜ ਸਕਦਾ ਸੀ। ਉਹਦੇ ਲਈ ਸਾਫ਼ ਦਿਲ ਦਾ ਹੋਣਾ ਜ਼ਰੂਰੀ ਸੀ, ਨਾ ਕਿ ਸਿਰਫ਼ ਬੰਦਗੀ ਦੇ ਕੰਮ ਨੂੰ ਸਹੀ ਢੰਗ ਨਾਲ ਕਰਨ ਵਾਲਾ। ਯਿਸੂ ਪਾਪ ਤੋਂ ਬੇਦਾਗ ਸੀ ਅਤੇ ਸਾਨੂੰ ਵੀ ਉਵੇਂ ਹੀ ਹੋਣਾ ਜ਼ਰੂਰੀ ਹੈ। ਪਤਰਸ ਅਤੇ ਪੌਲੁਸ ਦੋਹਾਂ ਨੇ ਯਿਸੂ ਨੂੰ ''ਪਵਿੱਤਰ ਪੁਰਖ'' ਦੱਸਦਿਆਂ ਜ਼ਬੂਰ 16:10 ਵੱਲ ਧਿਆਨ ਦੁਆਇਆ (ਰਸੂਲਾਂ ਦੇ ਕੰਮ 2:27; 13:35)। ਸਿਰਫ਼ ਉਹੀ ਉਨ੍ਹਾਂ ਸਭ ਯੋਗਤਾਵਾਂ ਨੂੰ ਪੂਰਿਆਂ ਕਰਦਾ ਹੈ ਜਿਨ੍ਹਾਂ ਦੀ ਸਾਨੂੰ ਲੋੜ ਹੈ। ਮਸੀਹੀ ਲੋਕਾਂ ਲਈ ਪਵਿੱਤਰ ਹੋਣਾ ਜ਼ਰੂਰੀ ਹੈ, ਪਰ ਇਸ ਨੂੰ ਅਸੀਂ *ਸਿਰਫ਼* ਮਸੀਹ ਦੇ ਰਾਹੀਂ ਪਾ ਸਕਦੇ ਹਾਂ ਜਿਹੜਾ ਸਾਨੂੰ ''ਪਵਿੱਤਰ ਕਰਦਾ ਹੈ'' (ਇਬਰਾਨੀਆਂ 2:11)।

ਸਾਡਾ ਪ੍ਰਭੂ ਮਨੁੱਖ ਨਾਲ ਆਪਣੇ ਸਭ ਵਿਹਾਰਾਂ ਵਿਚ **ਨਿਰਦੋਸ਼** (*akakos*), ਜਾਂ ਨਿਹਕਲੰਕ ਵੀ ਹੈ। ਯਿਸੂ ਨੇ ਖਾਰ ਜਾਂ ਨਫ਼ਰਤ ਤੋਂ ਰਹਿਤ ਜ਼ਿੰਦਗੀ ਨੂੰ ਵਿਖਾਇਆ; ਉਹ ਹਰ ਕਿਸੇ ਨਾਲ ਰਹਿਮਦਿਲ ਅਤੇ ਦਿਆਲੂ ਸੀ ਉਸ ਨੇ ਸਿਰਫ਼ ਉਹੀ ਕੀਤਾ ਜੋ ਕਿ ਭਲਾ ਸੀ। ਕਾਰੋਬਾਰੀਆਂ ਨੂੰ ਹੈਕਲ ਵਿੱਚੋਂ ਕੱਢ ਕੇ ਉਹ ਉਸ ਨੂੰ ''ਸ਼ੁੱਧ ਕਰ ਰਿਹਾ'' ਸੀ। ਜੋ ਕਿ ਬੇਸ਼ੱਕ ਭਲਿਆਈ ਦਾ ਕੰਮ ਸੀ। ਉਸ ਦੇ ਕੰਮ ਨੇ ਜ਼ਬਰਦਸਤੀ ਨਾਲ ਉਨ੍ਹਾਂ ਦੀ ਜ਼ੋਰੀ ਵੱਲ ਧਿਆਨ ਦੁਆਇਆ (ਯੂਹੰਨਾ 2:14, 15)। ਇਸ ਨਾਲ ਕੁਝ ਲੋਕਾਂ ਨੇ ਪਸਚਾਤਾਪ ਵੀ ਕੀਤਾ ਹੋਵੇਗਾ।

**ਨਿਰਮਲ** (*amiantos*) ਸ਼ਬਦ ਸੁਝਾਅ ਦਿੰਦਾ ਹੈ ਕਿ ਯਿਸੂ ਵਿਚ ਕੋਈ ਨੈਤਿਕ ਅਸ਼ੁੱਧਤਾ ਨਹੀਂ ਸੀ। ਇਸ ਸ਼ਬਦ ਦੀ ਵਰਤੋਂ ਸਰੀਰਕ ਸ਼ੁੱਧਤਾ ਲਈ ਕੀਤੀ ਜਾ ਸਕਦੀ ਹੈ; ਯਾਜਕਾਂ ਵਿਚ ਬਾਹਰੀ ਕਲੰਕ ਨਾ ਹੋਣਾ ਜ਼ਰੂਰੀ ਸੀ। ਨੈਤਿਕ ਸ਼ੁੱਧਤਾ ਦਾ ਹੋਣਾ ਇਸ ਨਾਲੋਂ ਵੀ ਕਿੰਨੀ ਵੱਡੀ ਗੱਲ ਹੈ। ਨਿਰਮਲ ਹੋਣ ਤੋਂ ਭਾਵ ਸਿਰਫ਼ ਇਹ ਨਹੀਂ ਹੈ ਕਿ ਉਸ ਨੇ ਸਰਸਮੀ ਤੌਰ ਤੇ ਸ਼ੁੱਧ ਹੋਣ ਲਈ ਆਪਣੇ ਆਪ ਨੂੰ ਦੂਰ ਰੱਖਿਆ, ਜਿਵੇਂ ਲੇਵੀ ਲਈ ਕਰਨਾ ਜ਼ਰੂਰੀ ਸੀ, ਬਲਕਿ ਇਹ ਵੀ ਹੈ ਕਿ ਉਹ ਪੂਰੀ ਤਰ੍ਹਾਂ ਨਾਲ ਨੈਤਿਕ ਅਸ਼ੁੱਧਤਾ ਤੋਂ ਰਹਿਤ ਸੀ। ਯਾਜਕ ਪਾਪ ਨਾਲ ਕਲੰਕਿਤ ਹੁੰਦੇ ਸਨ ਅਤੇ ਇਸ ਤਰ੍ਹਾਂ ਉਹ ਦੂਸ਼ਿਤ ਹੁੰਦੇ ਸਨ। ਪਰ ਸਾਡੇ ਮੁਕਤੀਦਾਤੇ ਲਈ ਦੂਸਤ ਤੋਂ ਉੱਪਰ ਹੋਣਾ **ਫਬਦਾ** ਸੀ। ਸਾਡੀਆਂ ਜ਼ਿੰਦਗੀਆਂ ਪਾਪੀਆਂ ਦੀਆਂ ਜ਼ਿੰਦਗੀਆਂ ਨਾਲੋਂ ਅੱਡ ਹੋਣੀਆਂ ਜ਼ਰੂਰੀ ਹਨ। ਕਈ ਵਾਰ ਸਾਨੂੰ ਨੈਤਿਕਤਾ ਦੇ ਨਾਲ ਨਾਲ ਸਥਾਨ ਦੇ ਪੱਖੋ ਵੀ ਅੱਡ ਹੋਣਾ ਜ਼ਰੂਰੀ ਹੈ (2 ਕੁਰਿੰਥੀਆਂ 6:14–7:1)।

ਉਹ **ਪਾਪੀਆਂ ਤੋਂ ਨਿਆਰਾ ਕੀਤਾ ਹੋਇਆ** ਸੀ ਜਦ ਕਿ ਇਹਦੇ ਨਾਲ ਹੀ ਉਹ ਆਪਣੇ ''ਦੋਵੇਂ ਭਾਈਆਂ'' ਦੇ ਵਰਗਾ ਸੀ (2:11–18)। ਉਹ ਸਾਡੇ ਨੇੜੇ ਹੈ ਪਰ ਫਿਰ ਵੀ ਸੰਸਾਰ ਦੀ ਬੁਰਿਆਈ ਤੋਂ ਦੂਰ ਹੈ। ਉਸ ਦੀ ਧਰਤੀ ਤੇ ਰਹਿੰਦਿਆਂ ਹਰ ਤਰ੍ਹਾਂ ਦੇ ਲੋਕਾਂ ਨਾਲ ਮੇਲ ਜੋਲ ਰੱਖਿਆ ਪਰ ਇਸ ਦੇ ਬਾਵਜੂਦ ਉਹ ਜ਼ਿੰਦਗੀ ਦੇ ਉਸ ਢੰਗ ਤੋਂ ਜਿਸ ਨੂੰ ''ਅੰਧਕਾਰ'' ਦੱਸਿਆ ਜਾਂਦਾ ਹੈ ''ਅੱਡ'' ਰਿਹਾ।[48]

ਉਸ ਦੇ ਉਲਟ ਕਈ ਵਾਰ ਅਸੀਂ ਅੰਧਕਾਰ ਵਿਚ ਫਸ ਜਾਂਦੇ ਹਾਂ। ਪਾਪ ਕਰਨ ਤੇ ਸਾਨੂੰ ਖ਼ੁਦਾ ਅੱਗੇ ਆਪਣੇ ਪਾਪਾਂ ਨੂੰ ਮੰਨ ਕੇ ਆਪਣੇ ਪ੍ਰਭੂ ਦੇ ਰਹਿਤ ਦੇ ਰਾਹੀਂ ਮਾਫ਼ੀ ਮੰਗ ਲੈਣੀ ਚਾਹੀਦੀ ਹੈ। ਇਸ ਤਰ੍ਹਾਂ ਅਸੀਂ ਯਿਸੂ ਦੇ ਲਹੂ ਦੇ ਰਾਹੀਂ ਸ਼ੁੱਧ ਹੁੰਦੇ ਰਹਿ ਕੇ ''ਚਾਨਣ ਵਿਚ ਚੱਲਦੇ'' ਰਹਿ ਸਕਦੇ ਹਾਂ (ਵੇਖੋ 1 ਯੂਹੰਨਾ 1:7–10)।

ਆਇਤ 27 ਅੱਗੇ ਦੱਸਦੀ ਹੈ ਕਿ **ਪ੍ਰਧਾਨ ਯਾਜਕਾਂ** ਲਈ ਆਪਣੇ **ਪਾਪਾਂ** ਲਈ **ਬਲਿਦਾਨ** ਚੜ੍ਹਾਉਣੇ ਜ਼ਰੂਰੀ ਸਨ, ਜੋ ਕਿ ਮਸੀਹ ਲਈ ਜ਼ਰੂਰੀ ਨਹੀਂ ਹੈ। ਪ੍ਰਾਸਚਿਤ ਵਾਲੇ ਦਿਨ ਪ੍ਰਾਧਨ ਯਾਜਕ ਇਹ ਦੁਆ ਕਰਦਾ ਹੁੰਦਾ ਸੀ:

> ਹੇ ਖ਼ੁਦਾ, ਮੈਂ ਅਤੇ ਮੇਰੇ ਘਰਾਣੇ ਨੇ, ਤੇਰੇ ਅੱਗੇ ਦੁਸ਼ਟਤਾ, ਅਪਰਾਧ ਅਤੇ ਪਾਪ ਕੀਤਾ ਹੈ। ਹੇ ਖ਼ੁਦਾ ਉਨ੍ਹਾਂ ਬੁਰਿਆਈਆਂ, ਅਪਰਾਧਾਂ ਅਤੇ ਪਾਪਾਂ ਨੂੰ ਜਿਹੜੇ ਮੈਂ ਅਤੇ ਮੇਰੇ ਘਰਾਣੇ ਨੇ ਤੇਰੇ ਅੱਗੇ ਕੀਤੇ ਹਨ, ਜਿਵੇਂ ਕਿ ਤੇਰੇ ਸੇਵਕ ਮੂਸਾ ਦੀ ਸ਼ਰ੍ਹਾ ਵਿਚ ਲਿਖਿਆ ਹੈ, ਮਾਫ਼ ਕਰ ...।[49]

ਯਿਸੂ ਨੇ ਕਦੇ ਅਜਿਹੀ ਗੱਲ ਨਹੀਂ ਕੀਤੀ, ਕਿਉਂ ਜੋ ਉਹ ਪਾਪ ਰਹਿਤ ਸੀ।

ਮਸੀਹ ਸਚੁਮਚ ਵਿਚ ਸਾਡਾ ''ਨਿਹਕਲੰਕ ਅਤੇ ਬੇਦਾਗ ਲੇਲਾ'' ਹੈ (1 ਪਤਰਸ 1:19)। ਉਹ ਦੇ ਰਾਹੀਂ ਸਾਡਾ ਛੁਟਕਾਰਾ ਐਨਾਂ ਅਤੇ ਜ਼ਬਰਦਸਤ ਹੈ ਕਿ ਅਸੀਂ ਵੀ ਪਾਪ ਤੋਂ ਬੇਦਾਗ ਹੋ ਜਾਂਦੇ ਹਾਂ। ਉਸ ਨੂੰ ''ਪਾਪੀਆਂ ਤੋਂ ਨਿਆਰਾ'' (ਆਇਤ 26) ਕੀਤਾ ਗਿਆ ਹੈ ਕਿਉਂ ਜੋ ਉਹ ਪਾਪ ਤੋਂ ਰਹਿਤ ਹੈ (4:15)। ਇਸ ਕਰਕੇ ਉਹ ਕਿਸੇ ਵੀ ਮਨੁੱਖੀ ਜੀਵ ਤੋਂ ਉੱਪਰ ਹੈ ਅਤੇ ਸੁਰਗਾਂ ਤੋਂ ਉੱਚਾ ਕੀਤਾ ਗਿਆ ਹੈ (ਆਇਤ 26)। ਉਹ ਸੁਰਗ ਦੇ ਬਾਸ਼ਿੰਦਿਆਂ ਭਾਵ ਫ਼ਰਿਸਤਿਆਂ ਨਾਲੋਂ ਉੱਪਰ ਹੈ। ਇਹ ਸੁਭਾਵਕ ਹੀ ਹੈ ਕਿਉਂ ਜੋ ਸਭ ਕੁਝ ਉਸ ਦੇ ਅਧੀਨ ਹੈ (ਅਫ਼ਸੀਆਂ 1:22, 23)। ਉਸ ਦੇ ਉੱਚਾ ਕੀਤੇ ਜਾਣ ਵਿਚ ਉਸ ਦਾ ਜੀ ਉੱਠਣਾ, ਉੱਪਰ ਉੱਠਾਇਆ ਜਾਣਾ, ਅਤੇ ਵਡਿਆਈ ਪਾਉਣਾ ਹੈ। ਇਹ ਉੱਪਰ ਹੈਕਲ ਵਿਚ ਸਾਡੇ ਸਦਾ ਜੀਉਂਦੇ ਪ੍ਰਧਾਨ ਯਾਜਕ ਦੀ ਉੱਤਮ ਸਿੱਧਤਾ ਨੂੰ ਵਿਖਾਉਂਦਾ ਹੈ।[50] ਉਹ ਸੁਰਗ ਵਿਚ ਖ਼ੁਦਾ ਦੇ ਨਾਲ ਹਕੂਮਤ ਕਰਦਾ ਹੈ ਅਤੇ ਇਸ ਕਰਕੇ ਸਪੱਸ਼ਟ ਤੌਰ ਤੇ ''ਅਕਸ਼ਾਂ'' ਤੋਂ ਉੱਚਾ ਹੈ। ਹੁਣ ਉਹ ਸਮਝ ਦੀਆਂ ਹੱਦਾਂ ਤੋਂ ਉੱਪਰ ਹੈ ਭਾਵ ਅਸੀਂ ਇਸ ਨੂੰ ਵਿਸ਼ਵਾਸ ਨਾਲ ਲੈਂਦੇ ਹਾਂ ਨਾ ਕਿ ਮੁਲਾਂਕਣ ਜਾਂ ਇਸ ਜ਼ਿੰਦਗੀ ਦੇ ਸਰੀਰਕ ਅਨੁਭਵ ਦੇ ਰਾਹੀਂ ''ਸਮਝ'' ਨਾਲ।

ਅਸੀਂ ਪ੍ਰਧਾਨ ਯਾਜਕ ਦੇ ਸਿਰਫ਼ ਪਰਾਸਚਿਤ ਵਾਲੇ ਦਿਨ ਸੇਵਾ ਕਰਨ ਦਾ ਵਿਚਾਰ ਕਰਨ ਲੱਗਦੇ ਹਾਂ (ਆਇਤ 27), ਪਰ ਫਿਲੋ ਨੇ ਆਖਿਆ ਹੈ ਕਿ ਪ੍ਰਧਾਨ ਯਾਜਕ ''ਪੂਰੀ ਕੌਮ ਵੱਲੋਂ ਰੋਜ ਦੁਆਵਾਂ ਕਰਦਾ ਅਤੇ ਕੁਰਬਾਨੀਆਂ ਚੜ੍ਹਾਉਂਦਾ ਸੀ ...।''[51] ਥੌਮਸ ਹੇਵਿਟ ਦਾ ਇਸ ਆਇਤ ਬਾਰੇ ਕਹਿਣਾ ਸਹੀ ਹੋ ਸਕਦਾ ਹੈ, ''ਲੇਖਕ ਨੇ ਸਿਰਫ਼ ਪ੍ਰਧਾਨ ਯਾਜਕ ਦੀ ਸਲਾਨਾ ਕੁਰਬਾਨੀ ਅਤੇ ਯਾਜਕਾਂ ਦੀਆਂ ਰੋਜ਼ ਦੀਆਂ ਕੁਰਬਾਨੀਆਂ ਨੂੰ ਮਿਲਾ ਦਿੱਤਾ ਹੈ।''[52] ਸਾਡੀ ਕੁਰਬਾਨੀ ਦੇ ਰੂਪ ਵਿਚ ਯਿਸੂ ਦੀ ਸੇਵਕਾਈ ਨੂੰ ਦੁਹਰਾਏ ਜਾਣ ਦੀ ਲੋੜ ਨਹੀਂ ਹੈ ਕਿਉਂ ਜੋ ਇਹ **ਇੱਕੋ ਵਾਰ** (*ephapax*; 9:12; 10:10) ਅਤੇ ''ਇੱਕੋ'' ਹੀ ਵਾਰ (*hapax*; 9:28) ਹੋਣੀ ਸੀ। ਇਬਰਾਨੀਆਂ ਦੀ ਕਿਤਾਬ ਵਿਚ ਇਹ ਮੁੱਖ ਸ਼ਬਦ ਹਨ। ਮਸੀਹ ਦੇ ਕੁਰਬਾਨੀ ਦਿੰਦੇ ਰਹਿਣ ਦਾ ਵਿਚਾਰ ਨਵੇਂ ਨੇਮ ਦਾ ਉਲੰਘਣ ਅਤੇ ਇਸ ਦੇ ਵਿਰੋਧ ਵਿਚ ਹੈ। ਪੁਰਾਣੇ ਨੇਮ ਦਾ ਪ੍ਰਧਾਨ ਯਾਜਕ ਬਾਰ ਬਾਰ ਭੇਂਟ ਲੈ ਕੇ ਆਉਂਦਾ ਸੀ। ਜਿਸ ਵਿਚ ਉਹ ਆਪਣੇ ਪਾਪਾਂ ਲਈ ਵੀ ਲਿਆਉਂਦਾ ਸੀ (ਲੇਵੀਆਂ ਦੀ ਪੋਥੀ 16:6, 11); ਪਰ ਮਸੀਹ ਦੀ ਭੇਂਟ ''ਇੱਕੋ ਹੀ ਵਾਰ ਲਈ'' ਸੀ ਕਿਸੇ ਦੂਜਿਆਂ ਲਈ ਮਰਨ ਦਾ ਵਿਚਾਰ ਯਹੂਦੀਆਂ ਵੱਲੋਂ ਪਹਿਲਾਂ ਹੀ ਮੰਨਿਆ ਜਾਂਦਾ ਸੀ। ਕਿਉਂ ਜੋ ''ਮੱਕਾਬੀਆਂ ਸਮੇਂ ਦੇ ਸ਼ਹੀਦਾਂ ਨੇ ਆਪਣੀ ਜਾਨ ਇਸ ਭਰੋਸੇ ਨਾਲ ਦਿੱਤੀ ਸੀ ਕਿ ਉਨ੍ਹਾਂ ਨੂੰ ਆਪਣੇ ਸਾਥੀ ਇਸਰਾਏਲੀਆਂ ਵੱਲੋਂ ਪਰਾਸਚਿਤ ਦੇ ਰੂਪ ਵਿਚ ਕਬੂਲ ਕਰ ਲਿਆ ਜਾਵੇਗਾ ...।''[53] ਯਿਸੂ ਨੇ **ਆਪਣੇ ਆਪ ਨੂੰ ਚੜ੍ਹਾ ਦਿੱਤਾ** ਜੋ ਕਿ ਉਸ ਦੇ ਅਤੇ ਲੇਵੀਆਂ ਵਿਚਕਾਰ ਆਮ ਯਾਜਕਾਂ ਵਿਚ ਇਕ ਵੱਡਾ ਫ਼ਰਕ ਸੀ। ਇਹ ਫ਼ਰਕ ਪਹਿਲੀ ਵਾਰ ਰੋਮੀਆਂ 7:27 ਵਿਚ ਦੱਸਿਆ ਗਿਆ ਪਰ ਇਬਰਾਨੀਆਂ ਦੀ ਕਿਤਾਬ ਵਿਚ ਅੱਗੇ ਇਸੇ ਵਿਚਾਰ ਨੂੰ ਵਿਸ਼ਤਾਰ ਦਿੱਤਾ ਗਿਆ ਹੈ।

**ਆਇਤ 28.** ਪੁਰਾਣੇ ਨੇਮ ਦੇ **ਯਾਜਕਾਂ** ਵਿਚ ਕਮਜ਼ੋਰੀਆਂ ਜਾਂ ਖਾਮੀਆਂ ਹੁੰਦੀਆਂ ਸਨ (5:2)। ਮਸੀਹ ਵਿਚ ਸਾਨੂੰ ਆਦਰਸ਼ ਯਾਜਕਾਈ ਮਿਲੀ ਹੈ। ਆਇਤ 28 ਪਿਛਲੀਆਂ ਦੋ ਆਇਤਾਂ ਦਾ ਸਾਰ ਹੈ। ਪੁਰਾਣੇ ਨੇਮ ਦੇ ਯਾਜਕ **ਨਿਤਾਣੇ** ਪਾਪੀ ਅਤੇ ਮਰਣਹਾਰ ਹੁੰਦੇ ਸਨ। ਕੁਝ ਤਾਂ ਬੇਕਾਰ ਅਤੇ ਘਮੰਡੀ ਵੀ ਹੁੰਦੇ ਸਨ। ਮਸੀਹ ਵਿਚ ਕੋਈ ਅਜੀਹੀ ਖ਼ੂਬੀ ਨਹੀਂ ਸੀ ਕਿਉਂ ਜੋ ਉਸ ਨੇ ਹਰ ਮਨੁੱਖੀ ਕਮਜ਼ੋਰੀ

ਨੂੰ ਅਤੇ ਸਾਡੇ ਵਰਗੇ ਸੁਭਾਅ ਨੂੰ ਜੋ ਧਰਤੀ ਉਤਲੀ ਉਸ ਦੀ ਸੇਵਕਾਈ ਦੌਰਾਨ ਉਸ ਉੱਤੇ ਮੜ੍ਹਿਆ ਗਿਆ ਸੀ, ਜਿੱਤ ਪਾ ਲਈ ਸੀ। ''ਨਿਤਾਣੇ'' ਸ਼ਬਦ ਕਮਜ਼ੋਰੀ ਵਿਚ ਕੀਤੇ ਗਏ ਪਾਪ ਅਤੇ ਜਾਣ ਬੁੱਝ ਕੇ ਕੀਤੇ ਗਏ ਪਾਪ ਵਿਚ ਫ਼ਰਕ ਦਾ ਸੁਝਾਅ ਦੇ ਸਕਦਾ ਹੈ। ''ਜਾਣ ਬੁੱਝ ਕੇ ਪਾਪ ਕਰਨ ਵਾਲਾ ਪ੍ਰਧਾਨ ਯਾਜਕ ਅਹੁਦੇ ਉੱਤੇ ਬਣਿਆ ਨਹੀਂ ਰਹਿ ਸਕਦਾ ਸੀ।''[54]

ਜ਼ਬੂਰਾਂ ਦੀ ਪੋਥੀ 2:7 ਅਤੇ 110:4 ਦੀਆਂ ਦੋਹਾਂ ਨਬੂਵਤਾਂ ਦੇ ਵਿਚਾਰ ਇੱਥੇ ਇਕੱਠੇ ਹੋ ਜਾਂਦੇ ਹਨ ਕਿਉਂ ਜੋ ਮਸੀਹ ਸਾਡਾ **ਸਿੱਧ** ਹੈ। ਮੂਸਾ ਦੀ ਸ਼ਰ੍ਹਾ ਦਿੱਤੇ ਜਾਣ ਦੇ ਬਹੁਤ ਦੇਰ ਬਾਅਦ ਲਿਖਿਆ ਜ਼ਬੂਰ 110:4 ਕਹਿੰਦਾ ਹੈ, ''ਯਹੋਵਾਹ ਨੇ ਸੋਂਹ ਖਾਧੀ ਅਤੇ ਉਹ ਨਹੀਂ ਮੁੱਕਰੇਗਾ, ਤੂੰ ਮਲਕਿਸਿਦਕ ਦੀ ਪਦਵੀ ਦੇ ਅਨੁਸਾਰ ਸਦਾ ਤੀਕ ਦਾ ਯਾਜਕ ਹੈ।'' ਇਹ ਗੱਲ ਇਸ ਤੇ ਹੋਰ ਜ਼ੋਰ ਦਿੰਦੀ ਹੈ ਕਿ ਪੁਰਾਣੇ ਪ੍ਰਬੰਧ ਨੂੰ ਬਦਲਿਆ ਜਾਂਦਾ ਸੀ। ਸ਼ਰ੍ਹਾ ਅਤੇ ਯਾਜਕਾਈ ਦੋਹਾਂ ਨੂੰ ਅੱਡ ਨਹੀਂ ਕੀਤਾ ਜਾ ਸਕਦਾ ਸੀ ਅਤੇ ਇੱਥੇ ਦੋਹਾਂ ਦੇ ਇਕੱਠੇ ਹੀ ਬੀਤ ਜਾਣ ਦਾ ਸੰਕੇਤ ਹੈ। **ਸੋਂਹ ਦਾ ਬਚਨ ਜਿਹੜਾ ਸ਼ਰ੍ਹਾ ਦੇ ਮਗਰੋਂ ਹੋਇਆ ਸੀ** ਅਸਲ ਵਿਚ ਉਸ ਸ਼ਰ੍ਹਾ ਦਾ ਹਿੱਸਾ ਨਹੀਂ ਸੀ। ਇਸ ਕਰਕੇ ਜ਼ਬੂਰ 110:4 ਵਿਚਲੀ ਖ਼ੁਦਾ ਦੀ ਸਹੁੰ ਨੇ ਮਸੀਹ ਦੇ ਨਵੇਂ ਨੇਮ ਲਈ ਰਸਤਾ ਬਣਾਉਣ ਵਿਚ ਮਦਦ ਕੀਤੀ। ਸਮੇਂ ਦੀ ਤਰਤੀਬ ਹੀ ਮੂਸਾ ਦੀ ਸ਼ਰ੍ਹਾ ਦੇ ਅਧੀਨ ਦਿੱਤੀ ਗਈ ਯਾਜਕਾਈ ਦੇ ਉਹ ਦੇਣ ਦੀ ਅਸਮਰੱਥਤਾ ਨੂੰ ਵਿਖਾਉਂਦੀ ਹੈ ਜਿਹਦੇ ਲਈ ਇਹ ਦਿੱਤੀ ਗਈ ਸੀ।''[55]

ਆਇਤਾਂ 26 ਅਤੇ 28 ਹੁਣ ਤਕ ਪੱਤਰੀ ਦੀਆਂ ਮੁੱਖ ਗੱਲਾਂ ਦਾ ਸਾਰ ਦਿੰਦੀਆਂ ਹਨ ਕਿ ਸ਼ਰ੍ਹਾ ਦੇ ਅਧੀਨ ਯਾਜਕਾਈ ਦੇ ਥਾਂ ਖ਼ੁਦਾ ਦੇ **ਪੁੱਤਰ**, ਸਿੱਧ ਪ੍ਰਧਾਨ ਯਾਜਕ ਨੇ ਜਿਹੜਾਂ ਕਦੇ ਬਦਲੇਗਾ ਨਹੀਂ, ਲੈ ਲੈਣੀ ਸੀ। ਅਧਿਆਇ 7 ਦੇ ਤਰਕ ਦਾ ਕੁਝ ਹਿੱਸਾ ਅੱਜ ਸਾਡੇ ਲਈ ਅਜੀਬ ਲਗ ਸਕਦਾ ਹੈ, ਪਰ ਯਾਦ ਰੱਖੋ ਕਿ ਲੇਖਕ ਇਬਰਾਨੀਆਂ ਦੇ ਨਾਂਅ ਲਿਖ ਰਿਹਾ ਸੀ ਜਿਹੜੇ ਮੰਨਦੇ ਸਨ ਕਿ ਹਾਰੂਨ ਦੀ ਯਾਜਕਾਈ ਹਮੇਸ਼ਾ ਲਈ ਹੈ। ਇਸ ਨੇ ਭਗਤ ਇਬਰਾਨੀਆਂ ਨੂੰ ਅਜਿਹਾ ਸੰਦੇਸ਼ ਲਿਖਣ ਦੀ ਹਿੰਮਤ ਕੀਤੀ।

## ਪ੍ਰਾਸੰਗਿਕਤਾ

**ਵਚਨ ਦੀ ਵਿਆਖਿਆ ਕਰਨਾ** (7:1, 2)

ਉਤਪਤ 14:18 ਦੱਸਦਾ ਹੈ ਕਿ ਮਲਕਿਸਿਦਕ ਨੇ ਰੋਟੀ ਅਰ ਮੱਧ ਨਾਲ ਅਬਰਾਹਾਮ ਦਾ ਸੁਆਗਤ ਕੀਤਾ। ਬਹੁਤ ਸਾਰੇ ਮੁੱਢਲੇ ਟੀਕਾਕਾਰ ਇਹ ਵੇਖਦਿਆਂ ਕਿ ਮਲਕਿਸਿਦਕ ਉਨ੍ਹਾਂ ਹੀ ਚੀਜ਼ਾਂ ਦੀ ਵਰਤੋਂ ਕਰ ਰਿਹਾ ਸੀ ਜਿਨ੍ਹਾਂ ਦੀ ਵਰਤੋਂ ਯਿਸੂ ਨੇ ਪ੍ਰਭੂ ਭੋਜ ਸ਼ੁਰੂ ਕਰਨ ਲਈ ਕੀਤੀ, ਇਨ੍ਹਾਂ ਚੀਜ਼ਾਂ ਨੂੰ ਪ੍ਰਭੂ ਭੋਜ ਦਾ ਦ੍ਰਿਸ਼ਟਾਂਤ ਦੱਸਿਆ। ਇਹ ਵਚਨ ਦੀ ਹਰ ਗੱਲ ਪ੍ਰਤੀਕ ਵਿਚ ਬਦਲਣ ਦੇ ਫਿਲੋ ਅਤੇ ਸਿਕੰਦਰੀਆ ਦੀ ਪਾਠਸਾਲਾ ਦੇ ਵਿਚਾਰਾਂ ਦੇ ਮੁਤਾਬਕ ਸੀ। ਖ਼ੁਦਾ ਦੇ ਵਚਨ ਨਾਲ ਅਜਿਹਾ ਕਰਨਾ ਗਲਤ ਹੈ। ਬੇਸ਼ੱਕ ਬਾਈਬਲ ਵਿਚ ਕੁਝ ਰੂਪ ਅਤੇ ਪ੍ਰਤੀਰੂਪ ਪ੍ਰਤੀਕ ਘੱਟਨਾਵਾਂ ਹਨ। ਜੋ ਬਾਅਦ ਵਿਚ ਮੌਕਿਆਂ ਅਤੇ ਲੋਕਾਂ ਵਿਚ ਪੂਰੇ ਹੁੰਦੇ ਹਨ। ਪਰ ਵਚਨ ਜਦ ਅਜਿਹੀ ਗੱਲ ਕਰਦਾ ਜਾਂ ਉਸ ਦਾ ਸੰਕੇਤ ਦਿੰਦਾ ਹੈ ਤਾਂ ਉਨ੍ਹਾਂ ਨੂੰ ਸਿਰਫ਼ ਰੂਪਕ ਅਤੇ ਪ੍ਰਤੀਕ ਹੀ ਮੰਨਣਾ ਚਾਹੀਦਾ ਹੈ। ਪਤਰਸ ਨੇ ਬਪਤਿਸਮੇ ਦੇ ਰੂਪ ਵਿਚ ਪਾਣੀ ਦੇ ਰਾਹੀਂ ਨੂਹ ਦੇ ਬਚਾਏ ਜਾਣ ਦੀ ਵਰਤੋਂ ਕੀਤੀ (1 ਪਤਰਸ 3:20, 21)। ਪੌਲੁਸ ਨੇ ਕੁਰਿੰਥੁਸ ਦੇ ਮਸੀਹੀ ਲੋਕਾਂ ਲਈ ਸਬਕ ਦੇ ਰੂਪ ਵਿਚ ਇਸਰਾਏਲ ਦੇ ਮੁੱਢਲੇ ਇਤਿਹਾਸ ਦੀ ਵਰਤੋਂ ਕੀਤੀ (1 ਕੁਰਿੰਥੀਆਂ 10:1–12)। ਪੁਰਾਣੇ ਨੇਮ ਦੇ ਅਧੀਨ ਕੁਰਬਾਨ ਕੀਤੇ ਹਰ ਲੇਲੇ ਨੂੰ ਖ਼ੁਦਾ ਦੇ ਲੇਲੇ ਮਸੀਹ ਦਾ ਰੂਪ ਆਖਿਆ ਜਾ ਸਕਦਾ ਹੈ (ਵੇਖੋ ਯੂਹੰਨਾ 1:29)। ਇਬਰਾਨੀਆਂ 8:2, 5 ਧਰਤੀ ਉਤਲੇ ਤੰਬੂ ਨੂੰ ਸੁਰਗੀ ਤੰਬੂ ਜਾਂ ਦ੍ਰਿਸ਼ਟਾਂਤ ਜਾਂ ਰੂਪ ਦੱਸਦਾ ਹੈ ਜਿੱਥੇ ਯਿਸੂ ਹੁਣ ਆਪਣੀ ਪ੍ਰਧਾਨ ਯਾਜਕਾਈ ਦਾ ਕੰਮ ਕਰਦਾ ਹੈ।

ਪਰ ਜੇ ਕੋਈ ਹਰ ਸ਼ਬਦ, ਵਿਚਾਰ ਅਤੇ ਘੱਟਨਾ ਨੂੰ ਰੂਪ ਜਾਂ ਦ੍ਰਿਸ਼ਟਾਂਤ ਦੇ ਰੂਪ ਵਿਚ ਲੈਣ ਦੀ ਕੋਸ਼ਿਸ਼ ਕਰੇ ਤਾਂ ਛੇਤੀ ਹੀ ਉਹ ਵਚਨ ਨੂੰ ਬੇਕਾਰ ਬਣਾ ਦੇਵੇਗਾ। ਹੈਰਾਨੀ ਦੀ ਗੱਲ ਨਹੀਂ ਹੈ ਕਿ ਕੋਈ ਆਖੇ, ''ਤੁਸੀਂ ਬਾਈਬਲ ਵਿੱਚੋਂ ਕੁਝ ਵੀ ਸਾਬਿਤ ਨਹੀਂ ਕਰ ਸਕਦੇ।'' ਪ੍ਰਚਾਰ ਕਰਦਿਆਂ ਜਾਂ ਸਿਖਾਉਂਦਿਆਂ ਅਸੀਂ ਕਿਸੇ ਆਇਤ ਦਾ ਅਰਥ ਉਹ ਦੱਸਣੀ ਦੀ ਕੋਸ਼ਿਸ਼ ਕਰਨ ਦੇ ਦੋਸ਼ੀ ਨਾ ਹੋਈਏ ਜੋ ਉਸ ਦੇ ਲਿਖਣ ਦਾ ਇਰਾਦਾ ਨਹੀਂ ਸੀ।

ਦੂਜੇ ਪਾਸੇ ਸਾਨੂੰ ਇਹ ਸਮਝਣਾ ਜ਼ਰੂਰੀ ਹੈ ਕਿ ਖ਼ੁਦਾ ਦੇ ਮੁਕਾਸ਼ਫ਼ੇ ਦਾ ਹਰ ਸ਼ਬਦ ਅਹਿਮ ਹੈ। ਇਕ ਵੀ ਸ਼ਬਦ ਬੇਮਤਲਬ ਨਹੀਂ ਹੈ। ਹਰ ਮਸੀਹ ਨੂੰ ਵਚਨ ਦਾ ਚੌਂਕਸ ਵਿਸ਼ਲੇਸ਼ਣ ਕਰਨ ਵਾਲਾ ਹੋਣਾ ਚਾਹੀਦਾ ਹੈ। ਮੂਲ ਭਾਸ਼ਾਵਾਂ ਤੋਂ ਸ਼ਬਦਾਂ ਦੇ ਸਹੀ ਸਹੀ ਅਰਥ ਪਤਾ ਲਾਉਣਾ ਮਦਦਗਾਰ ਹੋ ਸਕਦਾ ਹੈ। ਸੁਭਾਵਕ ਹੀ ਹੈ ਕਿ ਜਿਵੇਂ ਲੇਖਕਾਂ ਨੇ ਕਈ ਵਾਰ ਸ਼ਬਦ, ***ephphatha*** ''ਖੁਲ੍ਹ ਜਾਹ'' ਵਰਗੇ ਆਪਣੇ ਆਪ ਤੋਂ ਲੈਣ ਵਾਂਗ, ਕਈ ਸ਼ਬਦਾਂ ਅਤੇ ਵਾਕਅੰਸ਼ਾਂ ਦੀ ਵਿਆਖਿਆ ਕਰਨੀ ਜ਼ਰੂਰੀ ਹੁੰਦੀ ਹੈ (ਵੇਖੋ ਮੱਤੀ 27:46; ਮਰਕੁਸ 7:34)।

### ਇਕ ਵੱਡੀ ਸਭਾ (7:1-10)

ਅਬਰਾਹਾਮ ਪੂਰਬ ਦੇਸ ਦੇ ਪੰਜ ਰਾਜਿਆਂ ਨੂੰ ਮਾਰ ਕੇ ਸਦੋਮ ਅਤੇ ਮੈਦਾਨੀ ਸ਼ਹਿਰਾਂ ਤੋਂ ਉਨ੍ਹਾਂ ਦੀ ਲੁੱਟ ਦਾ ਮਾਲ ਗੱਡਿਆਂ ਜਾਂ ਊਠਾਂ ਤੇ ਲੱਦ ਕੇ ਮੁੜ ਰਿਹਾ ਸੀ। ਸਦੋਮ ਦੇ ਰਾਜੇ ਨੇ ਬੇਹੱਦ ਦੌਲਤ ਅਤੇ ਇੱਜ਼ਤ ਦੇ ਕੇ ਸ਼ਹਿਰ ਦੀ ਨਾਮੀ ਪਦਵੀ ਦੇ ਕੇ ਉਸ ਦਾ ਸਨਮਾਨ ਕੀਤਾ ਹੋਵੇਗਾ। ਥੱਕਾ ਟੁੱਟਾ ਅਬਰਾਹਾਮ ਯਰੂਸ਼ਲਮ ਦੇ ਕੋਲ ਰੁਕ ਗਿਆ ਜਿੱਥੇ ਉਸ ਨੂੰ ਧਰਮੀ ਰਾਜੇ ਨੇ ਮਿਲ ਕੇ ਉਸ ਨੂੰ ਤਾਜ਼ਗੀ ਦਿੱਤੀ, ਜਿਸ ਨੇ ਅਬਰਾਹਾਮ, ਉਸ ਦੇ 318 ਸੇਵਕਾਂ ਅਤੇ ਮੁੜ ਰਹੇ ਕੈਦੀਆਂ ਨਾਲ ਬੇਹੱਦ ਅਦਬ ਵਿਖਾਧਇਆ। ਮਲਕਿਸਿਦਕ ਨੇ ਉਸ ਤੋਂ ਜੋ ਉਸ ਨੇ ਸੋਚਿਆ ਵੀ ਨਹੀਂ ਹੋਵੇਗਾ ਕੀਤੇ ਵੱਧ ਕੀਤਾ।

ਆਧੁਨਿਕ ਸਮਿਆਂ ਲਈ ਇਸ ਸੰਭਾਵਿਤ ਪ੍ਰਸੰਗਿਕਤਾ ਤੇ ਵਿਚਾਰ ਕਰੋ: ਤੁਹਾਨੂੰ ਜਿੰਨੀ ਤਨਖਾਹ ਹੁਣ ਮਿਲ ਰਹੀ ਹੈ ਉਸ ਤੋਂ ਵੱਧ ਤਨਾਖਾਹ ਵਾਲੀ ਇਕ ਨੌਕਰੀ ਦੇਣ ਦੀ ਪੇਸ਼ਕਸ਼ ਕੀਤੀ ਜਾਂਦੀ ਹੈ। ਨੌਕਰੀ ਦੇਣ ਵਾਲਾ ਤੁਹਾਨੂੰ ਦੱਸਦਾ ਹੈ ਕਿ ਨੌਕਰੀ ਤੁਹਾਨੂੰ ਮਿਲ ਗਈ, ਪਰ ਉਸ ਵਿਚ ਇਕ ਸ਼ਰਤ ਹੈ ''ਤੁਹਾਡੀ ਜ਼ਿੰਦਗੀ ਤੋਂ ਸਭ ਤੋਂ ਪਤਾ ਹੈ ਕਿ ਤੁਸੀਂ ਇਕ ਮਸੀਹੀ ਹੋ, ਅਤੇ ਤੁਹਾਨੂੰ ਇਸ ਕਾਰੋਬਾਰ ਦੀ ਕਾਮਯਾਬੀ ਨੂੰ ਯਕੀਨੀ ਬਣਾਉਣ ਲਈ ਆਪਣੇ ਸਿਧਾਂਤਾਂ ਨਾਲ ਸਮਝੌਤਾ ਕਰਨਾ ਪਵੇਗਾ।'' ਤੁਸੀਂ ਪਰੇਸ਼ਾਨੀ ਵਿਚ ਪੈ ਜਾਂਦੇ ਹੋ ਅਤੇ ਤੁਹਾਨੂੰ ਇਕ ਹੌਂਸਲਾ ਦੇਣ ਵਾਲੇ ਦੀ ਲੋੜ ਪੈਂਦੀ ਹੈ ਅਤੇ ਫਿਰ ਤੁਹਾਡੇ ਹੱਕ ਵਿਚ ਇਕ ਭਲਾ ਅਤੇ ਧਾਰਮਿਕ ਸੁਭਾਅ ਵਾਲਾ ਮਨੁੱਖ ਆ ਜਾਂਦਾ ਹੈ; ਉਸ ਦਾ ਅਹੁਦਾ ਉਸ ਤੋਂ ਉੱਪਰ ਹੈ ਜਿਸ ਨੂੰ ਪਾਉਣ ਦੀ ਤੁਹਾਨੂੰ ਉਮੀਦ ਹੋ ਸਕਦੀ ਹੈ। ਉਹ ਧਰਮੀ ਅਤੇ ਸੱਚਾ ਹੈ; ਉਹ ਅਜਿਹਾ ਵਿਅਕਤੀ ਨਹੀਂ ਹੈ ਜਿਹੜਾ ਨਿੱਜੀ ਫ਼ਾਇਦੇ ਲਈ ਝੂਠ ਬੋਲਦਾ ਹੋਵੇ। ਉਸ ਦੀ ਸੰਗਤੀ ਵਿਚ ਰਹਿੰਦਿਆਂ ਅਤੇ ਉਸ ਦੇ ਸਾਕ ਦਾ ਆਨੰਦ ਮਾਣਦਿਆਂ ਅਤੇ ਉਸ ਦੀ ਹਮਾਇਤ ਪਾਉਣਾ ਅਜਮਾਇਸ਼ ਦੇ ਦਲਦਲ ਦੇ ਨੇੜੇ ਤਾਜ਼ਾ ਹਵਾ ਵਿਚ ਸਾਹ ਲੈਣ ਵਾਗਾ ਹੈ। ਤੁਹਾਨੂੰ ਜੋ ਸਹੀ ਹੈ ਉਹ ਕਹਿਣ ਦੀ ਹਿੰਮਤ ਮਿਲਦੀ ਹੈ ਅਤੇ ਤੁਸੀਂ ਉਸ ਪੇਸ਼ਕਸ਼ ਨੂੰ ਠੁਕਰਾ ਦਿੰਦੇ ਹੋ।

ਸਾਡੇ ਵਿੱਚੋਂ ਕਿੰਨੇ ਲੋਕ ਅਜਿਹਾ ਕਰ ਸਕਦੇ ਹਨ? ਸਾਨੂੰ ਸਭ ਨੂੰ ਮਲਕਿਸਿਦ ਵਰਗੇ ਦੋਸਤ ਦੀ ਲੋੜ ਹੈ। ਉਸ ਨੇ ਅਬਰਾਹਾਮ ਨੂੰ ਤਾਜਗੀ ਦਿੱਤੀ ਅਤੇ ਉਸ ਦਾ ਹੌਂਸਲਾ ਵਧਾਇਆ ਜਿਵੇਂ ਯਿਸੂ ਸਾਡੇ ਲਈ ਕਰਦਾ ਹੈ (ਇਬਰਾਨੀਆਂ 4:16)।

### ਦੋ ਅਹਿਮ ਨਾਂਅ (7:1-10)

ਯਹੂਦੀਆਂ ਲਈ ਨਾਂਵਾਂ ਦਾ ਖ਼ਾਸ ਮਹਿੱਤਵ ਹੁੰਦਾ ਸੀ। ਨਾਂਅ ਤੋਂ ਆਮ ਤੌਰ ਤੇ ਆਦਮੀ ਦੀ

ਪਛਾਣ ਦੇ ਨਾਲ ਨਾਲ ਉਸ ਦੇ ਸੁਭਾਅ ਦਾ ਵੀ ਪਤਾ ਲੱਗ ਜਾਂਦਾ ਸੀ। ''ਮਲਕਿਸਿਦਕ'' ਜਿਸ ਦਾ ਮਤਲਬ ''ਧਰਮ ਦਾ ਰਾਜਾ'' ਹੈ, ਖ਼ਾਸ ਕਰਕੇ ਮਸੀਹਾ ਲਈ ਪ੍ਰਤੀਕ ਦਾ ਕੰਮ ਕਰਦਾ ਹੈ। ਯਿਸੂ ਨੇ ''ਧਰਮ ਨਾਲ ਪ੍ਰੇਮ ਰੱਖਿਆ'' (1:9; ਜ਼ਬੂਰ 45:6), ਅਤੇ ਉਹ ਸ਼ਾਂਤੀ ਦਾ ਰਾਜਕੁਮਾਰ ਸੀ (ਯਸਾਯਾਹ 9:6)। ਮਸੀਹ ਸਾਡਾ ਮਿਲਾਪ ਹੈ (ਅਫ਼ਸੀਆਂ 2:14); ਹਰ ਸੱਚੀ ਸ਼ਾਂਤੀ ਉਸੇ ਤੋਂ ਨਿੱਕਲਦੀ ਹੈ। ਅਜਿਹੀ ਸ਼ਾਂਤੀ ਅਸੀਂ ਆਪਣੀਆਂ ਚਿੰਤਾਵਾਂ ਨੂੰ ਉਸ ਉੱਤੇ ਲੱਧ ਕੇ ਪਾ ਸਕਦੇ ਹਾਂ (ਫ਼ਿਲਿੱਪੀਆਂ 4:4–8)। ਰੋਮੀਆਂ 5:1, 2 ਸੰਕੇਤ ਦਿੰਦਾ ਹੈ ਕਿ ਨਿਹਚਾ ਨਾਲ ਧਰਮੀ ਠਹਿਰਾਇਆ ਜਾਣਾ ਉਸ ਸ਼ਾਂਤੀ ਯਾਨੀ ਮਿਲਾਪ ਤੋਂ ਪਹਿਲਾਂ ਹੁੰਦਾ ਹੈ।

ਯਿਸੂ ਅਤੇ ਮਲਕਿਸਿਦਕ ਦੋਵੇਂ ਇੱਕੋ ਜਿਹੇ ਹਨ, ਕਿਉਂ ਜੋ ਦੋਵੇਂ ਰਾਜੇ ਅਤੇ ਯਾਜਕ ਹਨ। ਪੁਰਾਣੇ ਨੇਮ ਵਿਚ ਖ਼ੁਦਾ ਦੇ ਲੋਕਾਂ ਦੇ ਲੋਕਾਂ ਦੇ ਰਾਜੇ ਕੁਰਬਾਨੀ ਦੇਣ ਵਿਚ ਬੰਦਗੀ ਕਰਨ ਵਾਲਿਆਂ ਦੇ ਰੂਪ ਵਿਚ ਭਾਗ ਤਾਂ ਲੈ ਸਕਦੇ ਸਲ ਪਰ ਯਾਜਕਾਂ ਦੇ ਰੂਪ ਵਿਚ ਉਨ੍ਹਾਂ ਰਸਮਾਂ ਨੂੰ ਪੂਰਾ ਨਹੀਂ ਕਰ ਸਕਦੇ ਸਨ। ਉਜ਼ਿਯਾਹ ਨੇ ਆਪਣਾ ਹੀ ਯਾਜਕ ਬਣ ਕੇ ਕੰਮ ਕਰਨ ਦੀ ਕੋਸ਼ਿਸ਼ ਕੀਤੀ ਸੀ ਅਤੇ ਉਸ ਨੂੰ ਸਜ਼ਾ ਦਿੱਤੀ ਗਈ ਸੀ (2 ਇਤਿਹਾਸ 26:16–21)। ਉਸ ਨੂੰ ਸ਼ਾਊਲ ਤੋਂ ਸਬਕ ਲੈਣ ਦੀ ਲੋੜ ਸੀ (1 ਸਮੂਏਲ 13:2–14; 15:10–35)। ਯਿਸੂ ਤੋਂ ਪਹਿਲਾਂ ''ਯਾਜਕ ਦੇ ਰੂਪ ਵਿਚ ਕਿਸੇ ਰਾਜੇ'' ਦਾ ਕੋਈ ਇਤਿਹਾਸ ਨਹੀਂ ਹੈ, ਇੱਕੋ ਇਕ ਅਪਵਾਦ ਮਲਕਿਸਿਦਕ ਹੈ। ਬੇਸ਼ੱਕ ਪੁਰਖਿਆਂ ਦੇ ਯੁੱਗ ਚਿਵ ਹੋਰ ਲੋਕ ਰਹੇ ਹੋ ਸਕਦੇ ਹਨ ਜਿਨ੍ਹਾਂ ਦੀ ਕਹਾਣੀ ਦਾ ਬਿਆਨ ਨਹੀਂ ਹੁੰਦਾ। ਇਬਰਾਨੀਆਂ ਦੇ ਲੇਖਕ ਨੇ ਮਲਕਿਸਿਦਕ ਨੂੰ ਮਸੀਹ ਦੇ ਪਰਛਾਵੇਂ ਦੇ ਰੂਪ ਵਿਚ ਸਮਝਿਆ। ਉਸ ਦੇ ਕਾਰਣ ਅਸੀਂ ਮਲਕਿਸਿਦਕ ਦੇ ਵੱਲ ਪਿਛੇ ਨੂੰ ਬੜੇ ਆਦਰ ਅਤੇ ਹੈਰਾਨੀ ਨਾਲ ਵੇਖ ਸਕਦੇ ਹਾਂ। ਮਲਕਿਸਿਦਕ ਦੀ ਤੁਲਨਾ ਧਰਮੀ ਉੱਤੇ ਯਿਸੂ ਨਾਲ ਨਹੀਂ ਬਲਕਿ ਸੁਰਗ ਵਿਚ ਖ਼ੁਦਾ ਦੇ ਅਬਦੀ ਅਤੇ ਬੇਹੱਦ ਸਨਮਾਨਤ ਪੁੱਤਰ ਨਾਲ ਕੀਤੀ ਗਈ। ਉਹ ਸਚਮੁਚ ਵਿਚ ਯਾਜਕ/ਰਾਜੇ ਦੇ ਅਹੁਦੇ ਵਿਚ ਆਪਣੇ ਕੀਤੇ ਵੱਧ ਵੱਡੇ ਵਾਰਸ ਦੇ ਨਾਲ ਤੁਲਨਾ ਦੇ ਯੋਗ ਸੀ।

ਮਲਕਿਸਿਦਕ ਨੇ ਅਬਰਾਹਾਮ ਨੂੰ ਬਰਕਤ ਦਿੱਤੀ ਅਤੇ ਯਿਸੂ ਸੰਸਾਰ ਨੂੰ ਬਰਕਤ ਦਿੰਦਾ ਹੈ। ਸਿਰਫ਼ ਇਲਾਹੀ ਸ਼ਕਤੀ ਅਸਲ ਵਿਚ ਬਰਕਤ ਦੇ ਸਕਦੀ ਹੈ, ਭਾਵੇਂ ਖ਼ੁਦਾ ਨੇ ਪੁਰਖਿਆਂ ਨੂੰ ਆਪਣੀ ਸੰਤਾਨ ਨੂੰ (ਉਤਪਤ 9:24–27; 48:15) ਅਤੇ ਯਾਜਕਾਂ ਨੂੰ ਲੋਕਾਂ ਨੂੰ ਬਰਕਤ ਦੇਣ ਦੀ ਇਜਾਜ਼ਤ ਦਿੱਤੀ (ਗਿਣਤੀ 6:24–26)। ਕਿੰਨੀ ਜ਼ਬਰਦਸਤ ਗੱਲ ਹੋਵੇਗੀ ਦਜ ਯਿਸੂ ਨੇ ਬੱਚਿਆਂ ਨੂੰ ਬਰਕਤ ਦੇਣ ਲਈ ਉਨ੍ਹਾਂ ਉੱਤੇ ਹੱਥ ਰੱਖੇ ਹੋਣਗੇ (ਮਰਕੁਸ 10:13–16)! ਮਾਵਾਂ ਨੂੰ ਜ਼ਿੰਦਗੀ ਭਰ ਯਾਦ ਰਿਹਾ ਹੋਵੇਗਾ ਕਿ ਕਿਵੇਂ ਉਨ੍ਹਾਂ ਦੇ ਬੱਚਿਆਂ ਨੂੰ ਪ੍ਰਭੂ ਨੇ ਆਸ਼ੀਰਵਾਦ ਦਿੱਤਾ ਸੀ। ਅਜਿਹੀ ਬਰਕਤ ਦੇ ਮੁਤਾਬਿਕ ਜ਼ਿੰਦਗੀ ਕੱਟਣ ਦੀ ਜ਼ਿੰਮੇਵਾਰੀ ਕਿੰਨੀ ਵੱਡੀ ਸੀ! ਅਸੀਂ ਵੀ ਯਿਸੂ ਵੱਲੋਂ ਬੇਸ਼ੁਮਾਰ ਬਰਕਤਾਂ ਪਾ ਸਕਦੇ ਹਾਂ ਅਤੇ ਅਨਾਦਿਕਾਲ ਤਕ ਉਨ੍ਹਾਂ ਬਰਕਤਾਂ ਦਾ ਆਨੰਦ ਮਾਣ ਸਕਦੇ ਹਾਂ। ਮਸੀਹ ਲਈ ਧਰਮੀ ਉੱਤੇ ਆਪਣਾ ਅਖ਼ਰੀ ਕੰਮ ਆਪਣੇ ਚੇਲਿਆਂ ਨੂੰ ਬਰਕਤ ਦੇਣਾ ਖ਼ਾਸ ਗੱਲ ਸੀ (ਲੂਕਾ 24:50)। ਸੁਰਗ ਤੋਂ ਉਹ ਅਜੇ ਵੀ ਅਜਿਹਾ ਹੀ ਕਰਦਾ ਹੈ।

### ਯਾਜਕ, ਪੁਲ ਬਣਾਉਣ ਵਾਲਾ

ਯਾਜਕ ਦਾ ਕੀ ਮਕਸਦ ਹੈ? ''ਯਾਜਕ'' ਲਈ ਲਾਤੀਨੀ ਭਾਸ਼ਾ ਦਾ ਸ਼ਬਦ *pontifex* ਹੈ ਜਿਸ ਦਾ ਮੂਲ ਅਰਥ ''ਪੁਲ ਬਣਾਉਣ ਵਾਲਾ'' ਹੈ। ਯਿਸੂ ਇਸ ਸੰਸਾਰ ਤੋਂ ਖ਼ੁਦਾ ਦੀ ਹਜ਼ੂਰੀ ਤਕ ਦਾ ਸਾਡਾ ਪੁਲ ਬਣਾਉਣ ਵਾਲਾ ਹੈ। ਉਸ ਨੇ ਇਕ ਨਵਾਂ ਅਤੇ ਜੀਉਂਦਾ ਰਾਹ ਖੋਲ੍ਹ ਦਿੱਤਾ (ਇਬਰਾਨੀਆਂ 10:20)। ਸਾਡਾ ਪਿਤਾ ਜਿਹੜਾ ਕਿ ਬਹੁਤ ਦੂਰ ਲਗਦਾ ਸੀ, ਹੁਣ ਨੇੜੇ ਹੈ। ਯਿਸੂ ਨੇ ਸਾਡਾ ਛੁਟਕਾਰਾ ਹਾਸਿਲ ਕੀਤਾ ਜਿਹੜਾ ਸਾਨੂੰ ਆਤਮਾ ਵਿਚ ਖ਼ੁਦਾ ਦੀ ਹਜ਼ੂਰੀ ਵਿਚ ਲੈ ਆਇਆ ਹੈ। ਅਸੀਂ ਉਸ

ਤਕ ਪਹੁੰਚਣ ਤੋਂ ਡਰੀਏ ਨਾ (ਇਬਰਾਨੀਆਂ 4:15, 16) ਸਗੋਂ ਉਸ ਦੇ ਅਤੇ ਉਸ ਦੇ ਪੁੱਤਰ ਨਾਲ ਸੰਗਤੀ ਦਾ ਆਨੰਦ ਲਈਏ (1 ਯੂਹੰਨਾ 1:3)।

''ਅੱਤ ਮਹਾਨ ਪਰਮੇਸ਼ੁਰ'' (7:1)

ਵੱਖੋ ਵੱਖ ਇਲਾਕਿਆਂ ਦੇ ਲੋਕ ਪੁਰਾਣੇ ਜ਼ਮਾਨੇ ਵਿਚ ਵੱਲੋਂ ਵੱਖ ਦੇਵੀ ਦੇਵਦਿਆਂ ਦੀ ਪੂਰਾ ਕਰਦੇ ਸਨ। ਸਥਾਨਕ ਦੇਵਤਿਆਂ ਦੇ ਕਿਸੇ ਖ਼ਾਸ ਜਾਂ ਇਲਾਕੇ ਦੇ ਲੋਕਾਂ ਦੀ ਰੱਖਿਆ ਕਰਕੇ ਉਨ੍ਹਾਂ ਨੂੰ ਬਰਕਤ ਦੇ ਕੇ ਆਪਣੇ ਹੋਣ ਨੂੰ ਸਾਬਿਤ ਕੀਤਾ ਮੰਨਿਆ ਜਾਂਦਾ ਸੀ। ''ਅੱਤ ਮਹਾਨ ਪਰਮੇਸ਼ੁਰ'' ਦਾ ਰੁਤਬਾ ਸਿਰਫ਼ ਯਾਹਵੇਹ ਲਈ ਸੀ (ਉਤਪਤ 14:18; ਵੇਖੋ ਵਿਵਸਥਾਸਾਰ 32:8)। ਇਹ ਇਜ਼ਹਾਰ ਭਾਵੇਂ ਬਹੁਤ ਘੱਟ ਮਿਲਦਾ ਹੈ ਪਰ ਲਿਖਤ ਵਿਚ ਇਹ ਵਿਚਾਰ ਆਮ ਹੈ। ਉਸ ਨੇ ਸਭ ਕੁਝ ਬਣਾਇਆ। ਖ਼ੁਦਾ ਤੋਂ ਜਿਸ ਨੇ ਨੀਨਵਾਹ ਨੂੰ ਬਚਣ ਵਿਚ ਮਦਦ ਲਈ ਯੂਨਾਹ ਨੂੰ ਹੁਕਮ ਦਿੱਤਾ ਸੀ, ਉਸ ਨੇ ਵੀ ਕਾਫ਼ਰ ਮਲਾਹਾਂ ਅੱਗੇ ਮੰਨ ਲਿਆ ਸੀ ਕਿ ਖ਼ੁਦਾ ਯਹੋਵਾਹ ਨੇ ਹੀ ਸਭ ਕੁਝ ਬਣਾਇਆ ਹੈ (ਯੂਨਾਹ 1:9)।

ਕੋਈ ਰਾਜਾ ਜਿਹੜਾ ਆਪਣੇ ਆਪ ਨੂੰ, ਖ਼ਾਸ ਸ਼ਕਤੀ ਵਾਲਾ ਮੰਨਦਾ ਸੀ, ''ਰਾਜਿਆਂ ਦਾ ਰਾਜਾ'' ਅਖਵਾਉਣਾ ਪਸੰਦ ਕਰਦਾ ਸੀ। ਇਸਰਾਏਲੀਆਂ ਨੂੰ ਰਾਜਿਆਂ ਦੇ ਰਾਜੇ ਦਾ ਬੇਹਤਰ ਪਤਾ ਸੀ ਅਤੇ ਉਹ ਖ਼ੁਦਾ ਨੂੰ ਇਹ ਨਾਂਅ ਦਿੰਦੇ ਸਨ, ਕੋਈ ਵੀ ਇਸ ਤੋਂ ਉੱਪਰ ਨਹੀਂ ਸੀ ਅਤੇ ਇਸਰਾਏਲੀਅਨੂੰ ਆਪਣੇ ਚੰਗੇ ਦਿਨਾਂ ਵਿਚ ਇਹ ਗੱਲ ਯਾਦ ਸੀ। ਸੱਚੇ ਅਤੇ ਇੱਕੋ ਖ਼ੁਦਾ ਤੋਂ ਉੱਪਰ ਕੋਈ ਹੋਰ ਨਹੀਂ ਹੋ ਸਕਦਾ।

ਵੱਡੇ ਹੋਣ ਦਾ ਵਿਸ਼ਲੇਸ਼ਣ (7:4)

ਅਬਰਾਹਾਮ ਦੇ ਮੁਕਾਬਲੇ ਮਲਕਿਸਿਦਕ ਐਨਾਂ ਵੱਡਾ ਸੀ ਤਾਂ ਅਬਰਾਹਾਮ ਨੂੰ ਵਿਸ਼ਵਾਸੀਆਂ ਦਾ ਪਿਤਾ ਕਿਉਂ ਚੁਣਿਆ ਗਿਆ? ਅਬਰਾਹਾਮ ਦੀਆਂ ਆਪਣੀਆਂ ਖਾਮੀਆਂ ਸਨ, ਪਰ ਖ਼ੁਦਾ ਅਤੇ ਉਸ ਦੇ ਵਚਨ ਵਿਚ ਉਸ ਦਾ ਪੱਕਾ ਭਰੋਸਾ ਭਾਵ ਉਸ ਦਾ ਵਿਸ਼ਵਾਸ ਉਸ ਦੀ ਸਭ ਤੋਂ ਵੱਡੀ ਖੂਬੀ ਸੀ। ਮਲਕਿਸਿਦਕ ਨੂੰ ''ਅੱਤ ਮਹਾਨ ਪਰਮੇਸ਼ੁਰ ਦੇ ਯਾਜਕ'' ਦੀ ਆਪਣੀ ਸਨਮਾਨਤ ਭੂਮਿਕਾ ਵਿਚ ਉਠਾਏ ਜਾਣ ਲਈ ਅਜਿਹਾ ਹੀ ਵਿਸ਼ਵਾਸ ਹੋਵੇਗਾ।

ਅਬਰਾਹਾਮ ਦੀ ਇਕ ਖ਼ਾਸ ਖੂਬੀ ਉਸ ਦਾ ਸਦਾਚਾਰੀ ਹੋਣਾ ਸੀ। ਉਹ ਆਪਣੇ ਬੱਚਿਆਂ ਨੂੰ ਆਪਣੇ ਮਗਰ ਚੱਲਣ ਦਾ ''ਹੁਕਮ'' ਦੇ ਸਕਦਾ ਸੀ (ਉਤਪਤ 18:19)। ਚਰਿੱਤਰ ਦੀ ਇਸ ਸ਼ਕਤੀ ਨੂੰ ਚਾਹਿਆ ਬਹੁਤ ਲੋਕਾਂ ਵੱਲੋਂ ਗਿਆ ਹੈ, ਪਰ ਵੇਖੀ ਬਹੁਤ ਘੱਟ ਲੋਕਾਂ ਵਿਚ ਗਈ ਹੈ। ਉਸ ਦਾ ਪ੍ਰਭਾਵ ਖ਼ੁਦਾ ਨਾਲ ਪਿਆਰ ਰੱਖਣ ਵਾਲਿਆਂ ਦੀ ਘੱਟੋ ਘੱਟ ਚੌਥੀ ਪੀੜ੍ਹੀ ਤਕ ਪੁੱਜ ਗਿਆ। (ਯੂਸੁਫ਼ ਦੀ ਉਦਾਹਰਣ ਤੇ ਵਿਚਾਰ ਕਰੋ।) ਇਹ ਸੰਭਵ ਹੈ ਕਿ ਮਲਕਿਸਿਦਕ ਜਿਸ ਦੀ ਕੋਈ ਵੰਸ਼ਾਵਲੀ ਨਹੀਂ ਦਿੱਤੀ ਗਈ ਹੈ, ਦੀ ਕੋਈ ਸੰਤਾਨ ਨਾ ਹੋਵੇ। ਇਸ ਕਰਕੇ ਉਹ ਪ੍ਰਭਾਵਸ਼ਾਲੀ ਅਸਰ ਜਿਹੜਾ ਅਬਰਾਹਾਮ ਨੇ ਪਾਇਆ, ਉਹ ਦੂਜਿਆਂ ਉੱਤੇ ਨਹੀਂ ਪਾ ਸਕਿਆ ਸੀ।

ਦਸੌਂਧ (7:4-8)

ਮਲਕਿਸਿਦਕ ਨੂੰ ਅਬਰਾਹਾਮ ਦਾ ਤੋਹਫ਼ਾ ਨਵੇਂ ਨੇਮ ਦੀ ਕਲੀਸੀਆ ਲਈ ਦਸਵਾਂ ਹਿੱਸਾ ਦੇਣ ਦਾ ਹੁਕਮ ਨਹੀਂ ਬਣ ਜਾਂਦਾ। ਪਰ ਜ਼ਿੰਦਗੀ ਪਾਉਣ ਅਤੇ ਪਾਪ ਦੀ ਗੁਲਾਮੀ ਤੋਂ ਛੁੱਟ ਕੇ ਵਿਸ਼ਵਾਸੀ ਮਸੀਹੀ ਖ਼ੁਦਾ ਦੇ ਕੰਮ ਲਈ ਹਫ਼ਤਾਵਾਰ ਭੇਂਟ ਅੱਡ ਰੱਖ ਛੱਡਣਗੇ।

ਮਸੀਹੀ ਮਨੁੱਖ ਲਈ ''ਪੁਕਾਰ ਅਨੁਸਾਰ'' ਕੁਝ ਹਿੱਸਾ ਦੇਣਾ ਲਾਜ਼ਮੀ ਹੈ (1 ਕੁਰਿੰਥੀਆਂ 16:2)। ਯਕੀਨਨ ਹੀ ਖੁੱਲ੍ਹ ਦਿਲੀ ਨਾਲ ਦੇਣ ਵਾਲਾ ਹੋਣਾ ਤਦ ਤਕ ਨਹੀਂ ਹੋ ਸਕਦਾ ਜਦ ਤਕ ਘੱਟੋ ਘੱਟ ਦਸਵਾਂ ਹਿੱਸਾ ਨਾ ਦਿੱਤਾ ਜਾਵੇ। ਇੰਜੀਲ ਦੇ ਵਿਰਤਾਂਤਾਂ ਦੇ ਬਾਅਦ ਨਵੇਂ ਨੇਮ ਵਿਚ ਭਾਵੇਂ ਖ਼ਾਸ ਤੌਰ

ਤੇ ਦਸਵਾਂ ਹਿੱਸਾ ਦੇਣ ਦੀ ਗੱਲ ਨਹੀਂ ਕੀਤੀ ਗਈ, ਪਰ ਕੁਰਬਾਨੀ ਭਰੇ ਢੰਗ ਨਾਲ ਦੇਣ ਲਈ ਕੁਝ ਲੋਕਾਂ ਦੀ ਤਾਰੀਫ਼ ਕੀਤੀ ਗਈ ਹੈ (ਵੇਖੋ 2 ਕੁਰਿੰਥੀਆਂ 8:1–5)। ਯਿਸੂ ਨੇ ਆਖਿਆ ਕਿ ਯਹੂਦੀਆਂ ਨੂੰ ਸ਼ਰ੍ਹਾ ਦੀਆਂ ਹੋਰ ਗੱਲਾਂ ਨੂੰ ਨਜ਼ਰਅੰਦਾਜ਼ ਕੀਤੇ ਬਗੈਰ ਆਪਣੇ ਦਸਵੰਧ ਦੇਣੇ ਚਾਹੀਦੇ ਸਨ (ਮੱਤੀ 23:23)। ਬੇਸ਼ੱਕ ਉਹ ਸਲੀਬ ਤੋਂ ਅਤੇ ਕਲੀਸੀਆ ਨੂੰ ਕਾਇਮ ਕਰਨ ਲਹੀ ਪਵਿੱਤਰ ਆਤਮਾ ਦੇ ਆਉਣ ਤੋਂ ਪਹਿਲਾਂ ਦੀ ਗੱਲ ਸੀ। ਫਿਰ ਵੀ ਇਨ੍ਹਾਂ ਆਇਤਾਂ ਵਿੱਚੋਂ ਇਹ ਨਿਚੋੜ ਕੱਢ ਕੇ ਕਿ ਕਬੂਲੇ ਜਾਣ ਯੋਗ ਦਸ ਫ਼ੀਸਦੀ ਹੀ ਸੀ, ਅਸੀਂ ਸਹੀ ਕਰ ਸਕਦੇ ਹਾਂ।

ਹੁਕਮ ਮੰਨਣ ਨਈ ਖ਼ੁਦਾ ਦੇ ਨਿਯਮ ਕਦੇ ਬਦਲੇ ਨਹੀਂ ਹਨ। ਦਸਵਾਂ ਹਿੱਸਾ ਦੇਣ ਦਾ ਅੱਜ ਭਾਵੇਂ ਕੋਈ ਹੁਕਮ ਨਹੀਂ ਹੈ ਪਰ ਇਸ ਨੂੰ ਨਵੇਂ ਨੇਮ ਦੇ "ਸਿਧਾਂਤ" ਦੇ ਰੂਪ ਵਿਚ ਵੇਖਿਆ ਜਾ ਸਕਦਾ ਹੈ। ਹੁਕਮ ਮੰਨਣ ਦੇ ਪੁਰਾਣੇ ਨੇਮ ਦੀਆਂ ਉਦਾਹਰਣਾਂ ਨੂੰ ਅਸੀਂ ਅੱਜ ਵੀ ਮੰਨਦੇ ਹਾਂ (ਵੇਖੋ ਰੋਮੀਆਂ 15:4; 1 ਕੁਰਿੰਥੀਆਂ 10:1–13)। ਯਿਸੂ ਨੇ ਉਸ ਆਇਤ ਦੀ ਸਹੀ ਵਿਆਖਿਆ ਦੇਣ ਲਈ ਕਿ ਸਾਨੂੰ ਖ਼ੁਦਾ ਦੀ ਬੰਦਗੀ ਕਰਨੀ ਚਾਹੀਦੀ ਹੈ, "ਇਕੱਲੇ" ਸ਼ਬਦ ਨੂੰ ਜੋੜਦਿਆਂ ਪੁਰਾਣੇ ਨੇਮ ਵਿੱਚੋਂ ਦੁਹਰਾਇਆ (ਮੱਤੀ 4:10; ਵੇਖੋ ਵਿਵਸਥਾਸਾਰ 6:13), ਕਲੀਸੀਆਵਾਂ ਵੱਲੋਂ ਆਪਣੀ ਮਾਲੀ ਮਦਦ ਨੂੰ ਸਹੀ ਠਹਿਰਾਉਣ ਲਈ ਨਮੂਨੇ ਦੇ ਰੂਪ ਵਿਚ ਪੌਲੁਸ ਨੇ ਪੁਰਾਣੇ ਨੇਮ ਦੇ ਕਾਨੂੰਨਾਂ ਦੀ ਵਰਤੋਂ ਕੀਤੀ (1 ਕੁਰਿੰਥੀਆਂ 9:8–10; ਵੇਖੋ ਵਿਵਸਥਾਸਾਰ 25:4)। ਪਰ ਅਸੀਂ ਬਾਈਬਲ ਦੇ ਮੁਤਾਬਿਕ ਸੰਤਾਂ ਉੱਤੇ ਪੁਰਾਣੇ ਨੇਮ ਦੇ ਕਿਸੇ ਵੀ ਹੁਕਮ ਨੂੰ ਜ਼ਬਰਦਸਤੀ ਮੜ੍ਹ ਨਹੀਂ ਸਕਦੇ, ਜਿਹੜਾ ਮੌਜੂਦਾ ਸਮੇਂ ਵਿਚ ਲਾਗੂ ਹੋਣ ਲਈ ਨਵੇਂ ਨੇਮ ਵਿਚ ਨਾ ਹੋਵੇ।

### ਵੱਡਾ ਪਹਿਲਾਂ ਆਇਆ (7:9, 10)

ਯਹੂਦੀਆਂ ਦੀ ਨਜ਼ਰ ਵਿਚ ਅਬਰਾਹਾਮ ਆਪਣੀ ਸੰਤਾਨ ਨਾਲੋਂ ਅਹਿਮ ਸੀ ਕਿਉਂ ਜੋ ਉਹ ਪਹਿਲਾਂ ਆਇਆ ਸੀ। ਲੇਵੀ ਅਬਰਾਹਾਮ ਤੋਂ ਬਾਅਦ ਵਿਚ ਆਇਆ ਇਸ ਕਰਕੇ ਉਸ ਨੂੰ ਆਪਣੇ ਪੜਦਾਦੇ ਤੋਂ ਘੱਟ ਅਹਿਮ ਮੰਨਿਆ ਜਾਂਦਾ ਸੀ। ਅੱਜ ਅਸੀਂ ਇਸ ਤਰ੍ਹਾਂ ਨਹੀਂ ਸੋਚਦੇ ਹਾਂ ਬਲਕਿ ਅਸਲ ਵਿਚ ਇਹ ਕਲਪਨਾ ਕਰਨ ਲੱਗ ਪੈਂਦੇ ਹਾਂ ਕਿ ਸਾਡੀ ਪੀੜ੍ਹੀ ਪਿਛਲੀਆਂ ਪੀੜ੍ਹੀਆਂ ਨਾਲੋਂ ਸਿਆਣੀ ਹੈ। ਪਰ ਤਕਨੀਕ ਸਾਨੂੰ ਸਦਾਚਾਰੀ ਜਾਂ ਰੂਹਾਨੀ ਤੌਰ ਤੇ ਵਧਾਉਂਦੀ ਨਹੀਂ ਹੈ। ਉੱਚ ਸਦਾਚਾਰ ਅਤੇ ਜ਼ਿੰਦਗੀ ਦੇ ਮਕਸਦਾਂ ਨੂੰ ਸਮਝਣਾ ਉਹ ਖੂਬੀਆਂ ਹਨ ਜਿਹੜੀਆਂ ਲੋਕਾਂ ਨੂੰ ਅਹਿਮ ਬਣਾਉਂਦੀਆਂ ਹਨ। ਆਧੁਨਿਕ ਸੰਸਾਰ ਦੇ ਸਹੀ ਨਜ਼ਰੀਏ ਲਈ ਸਾਨੂੰ ਅਤੀਤ ਲਈ ਬੇਹੱਦ ਸਨਮਾਨ ਰੱਖਣਾ ਲਾਜ਼ਮੀ ਹੈ।

ਵਚਨ ਸਾਡੀਆਂ ਆਧੁਨਿਕ ਫ਼ਿਲਾਸਪੀਆਂ ਨਾਲੋਂ ਅਸਲ ਕੀਮਤਾਂ ਨਾਲ ਵੱਧ ਮੇਲ ਖਾਧਾ ਹੈ। ਦਾਊਦ ਨੇ ਇਹ ਆਖਦਿਆਂ ਕਿ "ਉਹ ਸੋਨੇ ਨਾਲੋਂ ਸਗੋਂ ਬਹੁਤ ਕੁੰਦਨ ਸੋਨੇ ਨਾਲੋਂ ਮਨ ਭਾਉਂਦੇ ਹਨ, ਅਤੇ ਸ਼ਹਿਦ ਅਤੇ ਮਖ਼ੀਰ ਦਿਆਂ ਚੋਇਆਂ ਨਾਲੋਂ ਵੀ ਮਿੱਠੇ ਹਨ" (ਜ਼ਬੂਰ 19:10), ਖ਼ੁਦਾ ਦੇ ਨਿਯਮਾਂ ਦੀ ਬੇਹੱਦ ਅਹਿਮੀਅਤ ਨੂੰ ਸਮਝਿਆ ਸੀ। ਜ਼ਬੂਰ ਲਿਖਣ ਵਾਲੇ ਨੇ ਐਲਾਨ ਕੀਤਾ, "ਮੇਰੇ ਮੂੰਹ ਦੀ ਵਿਵਸਥਾ ਮੇਰੇ ਲਈ ਸੋਨੇ ਅਤੇ ਚਾਂਦੀ ਦੇ ਹਜ਼ਾਰਾਂ ਸਿੱਕਿਆਂ ਤੋਂ ਚੰਗੀ ਹੈ" (ਜ਼ਬੂਰ 119:72)। ਸਚਮੁਚ ਦੀ ਅਹਿਮ ਇਸ ਗੱਲ ਨੂੰ ਸਮਝ ਕੇ ਸਾਡਾ ਸੰਸਾਰ ਕਿੰਨਾਂ ਅਹਿਮ ਹੋ ਜਾਵੇਗਾ।

### ਖ਼ੁਦਾ ਦੀ ਖਾਮੋਸ਼ੀ ਦਾ ਮਾਣ ਰੱਖਣਾ (7:12-14)

ਬਹੁਤ ਵਾਰ ਲੋਕ ਅਜਿਹਾ ਕਰਦੇ ਜਾਂ ਸੋਚਦੇ ਹਨ, "ਚਲੋ ਕਲੀਸੀਆ ਵਿਚ ਇਹ ਕਰਦੇ ਹਾਂ ਭਾਵੇਂ ਵਚਨ ਇਸ ਦੀ ਇਜਾਜ਼ਤ ਨਹੀਂ ਦਿੰਦਾ ਕਿਉਂਕਿ ਖ਼ੁਦਾ ਨੇ ਕਦੇ ਇਸ ਨੂੰ *ਨਾ* ਕਰਨ ਲਈ ਨਹੀਂ ਆਖਿਆ।" ਕੀ ਹੋਵੇ ਜੇ ਖ਼ੁਦਾ ਨੇ ਹਰ ਉਸ ਗੱਲ ਨੂੰ ਲਿਖ ਦਿੱਤਾ ਹੁੰਦਾ ਜਿਸ ਦੀ ਉਹ ਇਜਾਜ਼ਤ ਨਹੀਂ ਦਿੰਦਾ ਹੈ? ਕੀ ਹੋਵੇ ਜੇ ਅਸੀਂ ਆਪਣੇ ਬੱਚਿਆਂ ਲਈ ਅਜਿਹੀ ਫ਼ਹਰਿਸਤ ਬਣਾਉਣੀ ਹੋਵੇ?

ਉਹ ਫ਼ਹਰਿਸਤ ਬਹੁਤ ਲੰਮੀ ਹੋ ਜਾਵੇਗੀ ਅਤੇ ਕਿਸੇ ਲਈ ਵੀ ਪੜ੍ਹਨੀ ਮੁਸ਼ਕਿਲ ਹੋ ਜਾਵੇਗੀ। ਜਿਹੜੇ ਲੋਕ ਬਾਈਬਲ ਦੇ ਇਖ਼ਤਿਆਰ ਨੂੰ ਇਸ ਤਰ੍ਹਾਂ ਵੇਖਦੇ ਹਨ ਉਹ ਧਿਆਨ ਨਾਲ ਸੋਚ ਨਹੀਂ ਰਹੇ ਹਨ ਕਿਉਂਕਿ ਉਨ੍ਹਾਂ ਦਾ ਤਰਕ ਸਿਰਫ਼ ਕਲਪਨਾ ਤੇ ਅਧਾਰਿਤ ਹੈ। ਅਸੀਂ ਇਹ ਨਹੀਂ ਮੰਨ ਸਕਦੇ ਕਿ ਕੋਈ ਗੱਲ ਇਸ ਕਰਕੇ ਕਬੂਲੇ ਜਾਣ ਯੋਗ ਹੈ ਕਿਉਂ ਜੋ ਵਚਨ ਵਿਚ ਉਸ ਨੂੰ ਉਚੇਚੇ ਤੌਰ ਤੇ ਮਨਾਂ ਨਹੀਂ ਕੀਤਾ ਗਿਆ ਹੈ। ਸਾਨੂੰ ਹਮੇਸ਼ਾ ਇਹ ਪੁੱਛ ਲੈਣਾ ਚਾਹੀਦਾ ਹੈ, ''ਭਲਾ ਇਹ ਅਜਿਹੀ ਗੱਲ ਹੈ ਜਿਸ ਦਾ ਇਖ਼ਤਿਆਰ ਸਾਨੂੰ ਖ਼ੁਦਾ ਦੇ ਵਚਨ ਵਿਚ ਦਿੱਤਾ ਗਿਆ ਹੈ ਜਿਹੜਾ ਸਾਨੂੰ ਹਰੇਕ ਭਲੇ ਕੰਮ ਲਈ ਤਿਆਰ ਕਰਦਾ ਹੈ'' (ਵੇਖੋ 2 ਤਿਮੋਥਿਉਸ 3:16, 17)। ਕੋਈ ਵੀ ਗੱਲ ਜਿਸ ਦਾ ਸਪੱਸ਼ਟ ਵਾਕ, ਸੰਕੇਤ ਜਾਂ ਉਦਾਹਰਣ ਨਾਲ ਸਾਫ਼ ਤੌਰ ਤੇ ਇਖ਼ਤਿਆਰ ਨਹੀਂ ਦਿੱਤਾ ਗਿਆ, ਉਹ ਮਨੁੱਖ ਦੀ ਬਣਾਈ ਨਵੀਂ ਗੱਲ ਹੀ ਹੈ।

ਲੋਕਾਂ ਨੇ ਹਰ ਗੱਲ ਵਿਚ ਬਾਈਬਲ ਦੇ ਇਖ਼ਤਿਆਰ ਦੀ ਮੰਗ ਕਰਨ ਵਾਲਿਆਂ ਨੂੰ ਕੱਢ ਕੇ ਮੰਡਲੀ ਦੀ ਬੰਦਗੀ ਵਿਚ ਮਨੁੱਖਾਂ ਦੀਆਂ ਬਣਾਈਆਂ ਹੋਈਆਂ ਨਵੀਆਂ ਨਵੀਆਂ ਗੱਲਾਂ ਜੋੜ ਲਈਆਂ ਹਨ। ਇਕ ਆਮ ਗੱਲ ਕਲੀਸੀਆ ਦੀ ਬੰਦਗੀ ਵਿਚ ਗਾਉਣ ਦੇ ਨਾਲ ਸਾਜ਼ਾਂ ਦੀ ਵਰਤੋਂ ਹੈ। ਕਿਸੇ ਨੂੰ ਵੀ ਗਾਉਣ ਦੇ ਨਾਲ ਸਾਜ਼ਾਂ ਦੀ ਵਰਤੋਂ ਦੇ ਇਖ਼ਤਿਆਰ ਦੀ ਗੱਲ ਨਹੀਂ ਹੋ ਸਕਦੀ ਕਿਉਂ ਜੋ ਕਲੀਸੀਆ ਦੀ ਬੰਦਗੀ ਦੇ ਸਬੰਧ ਵਿਚ ਨਵਾਂ ਨੇਮ ਇਸ ਬਾਰੇ ਕੁਝ ਨਹੀਂ ਕਹਿੰਦਾ ਹੈ। ਪੁਰਾਣੇ ਨੇਮ ਵਿਚ ਇਸ ਦਾ ਹੁਕਮ ਸੀ (2 ਇਤਿਹਾਸ 29:25), ਪਰ ਇਤਹਾਸਕਾਰ ਇਹ ਮੰਨਦੇ ਹਨ ਕਿ ਨਵੇਂ ਨੇਮ ਦੀ ਕਲੀਸੀਆ ਵਿਚ ਆਮ ਬੰਦਗੀ ਵਿਚ ਕਦੇ ਗਾਣਿਆਂ ਦੇ ਨਾਲ ਸਾਜ਼ਾਂ ਦੀ ਵਰਤੋਂ ਨਹੀਂ ਹੋਈ।

ਕਲੀਸੀਆ ਦੀ ਬੰਦਗੀ ਵਿਚ ਗਾਉਣ ਦੇ ਨਾਲ ਸਾਜ਼ਾਂ ਦੀ ਵਰਤੋਂ ਉਂਨੀਵੀਂ ਸਦੀ ਵਿਚ ਜ਼ਿਆਦਾਤਰ ਪ੍ਰੋਟੈਸਟੈਂਟ ਮੰਡਲੀਆਂ ਵਿਚ ਝਗੜੇ ਦੀ ਗੱਲ ਸੀ। ਪਰ ਹੌਲੀ ਹੌਲੀ ਜ਼ਿਆਦਾਤਰ ਡਿਨੋਮਿਨੇਸ਼ਨਾਂ ਵਿਚ ਇਸ ਨੇ ਆਪਣੀ ਥਾਂ ਬਣਾ ਲਈ। ਅਸੀਂ ਆਪਣੇ ਆਲੇ ਦੁਆਲੇ ਦੀਆਂ ਕੌਮਾਂ ਵਾਂਗ ਰੌਲਾ ਨਾ ਪਾਈਏ (1 ਸਮੂਏਲ 8:5)! ਸਾਜ਼ ਆਮ ਤੌਰ ਤੇ ਉਸ ਸੰਗੀਤ ਦੀ ਥਾਂ ਲੈ ਲੈਂਦੇ ਹਨ ਜਿਸ ਦਾ ਖ਼ੁਦਾ ਨੇ ਹੁਕਮ ਦਿੱਤਾ ਹੈ। ਕਲੀਸੀਆ ਦੀ ਸਭਾ ਵਿਚ ਸਿਰਫ਼ ਗਾਉਣ ਵਾਲੇ ਹੀ ਗਾ ਕੇ ਉਪਦੇਸ਼ ਦੇਣ ਅਤੇ ਚਿਤਾਰਣ ਦੇ ਖ਼ੁਦਾ ਦੇ ਹੁਕਮ ਨੂੰ ਮੰਨ ਰਹੇ ਹੁੰਦੇ ਹਨ (ਅਫ਼ਸੀਆਂ 5:19; ਕੁਲੁੱਸੀਆਂ 3:16)।

7:12–14 ਵਿਚ ਕੀ ਕਹਿਣ ਦੀ ਕੋਸ਼ਿਸ਼ ਕੀਤੀ ਗਈ ਹੈ? ''ਖ਼ੁਦਾ ਨੇ ਸਾਫ਼ ਦੱਸ ਦਿੱਤਾ ਸੀ ਕਿ ਕਿਹੜੀ ਗੋਤ, ਇਸ ਕਰਕੇ ਕਿਸੇ ਵੀ ਅਣ–ਅਧਿਕਾਰਿਤ ਗੋਤ ਨੂੰ ਮੰਜ਼ੂਰੀ ਨਹੀਂ ਹੈ'' ਸਾਨੂੰ ਚਾਹੀਦਾ ਹੈ ਕਿ ਜਿੱਥੇ ਬਾਈਬਲ ਖਾਮੋਸ਼ ਹੈ ਉੱਥੇ ਅਸੀਂ ਵੀ ਖਾਮੋਸ਼ ਰਹੀਏ। ਖਾਮੋਸ਼ੀ ਦਾ ਨਿਯਮ, ਜਾਂ ਇਖ਼ਤਿਆਰ ਨਾ ਹੋਣ ਦਾ ਨਿਯਮ ਪੂਰੀ ਬਾਈਬਲ ਵਿਚ ਹੈ। ਯਹੂਦੀਵਾਦੀਆਂ ਲਈ ਗੈਰਕੌਮ ਮਸੀਹੀ ਲੋਕਾਂ ਲਈ ਸੁੰਨਤ ਦੀ ਸ਼ਰਤ ਰੱਖਣਾ ਗਲਤ ਸੀ ਕਿਉਂ ਜੋ ਰਸੂਲਾਂ ਨੇ ਅਜਿਹਾ ''ਕੋਈ ਹੁਕਮ ਨਹੀਂ ਦਿੱਤਾ'' ਸੀ (ਰਸੂਲਾਂ ਦੇ ਕੰਮ 15:24)। ਰਸੂਲਾਂ ਦੀ ਖਾਮੋਸ਼ੀ ਇਸ ਦੀ ਮਨਾਹੀ ਲਈ ਕਾਫ਼ੀ ਸੀ।

ਵਚਨ ਦੀ ਅਗਲੀ ਪ੍ਰਾਸੰਗਿਕਤਾ ਤੇ ਵਿਚਾਰ ਕਰੋ। ਨੂਹ ਨੂੰ ਗੋਫਰ ਦੀ ਲੱਕੜੀ ਦਾ ਜਹਾਜ਼ ਬਣਾਉਣ ਲਈ ਆਖਿਆ ਗਿਆ ਸੀ; ਕਿਸੇ ਹੋਰ ਲੱਕੜ ਦਾ ਇਖ਼ਤਿਆਰ ਨਹੀਂ ਸੀ; ਸੋ ਉਸ ਨੇ ਕਿਸੇ ਵੀ ਹੋਰ ਲੱਕੜ ਦੀ ਵਰਤੋਂ ਕਰਨ ਦੀ ਹਿੰਮਤ ਨਹੀਂ ਕੀਤੀ। ਸਾਨੂੰ ਅੱਜ ਬਾਈਬਲ ਦੇ ਇਖ਼ਤਿਆਰ ਨੂੰ ਤੈਅ ਕਰਨ ਦੀ ਪ੍ਰਕਿਰਿਆ ਵਿਚ ਉਹੀ ਨਿਯਮ ਮੰਨਣਾ ਲਾਜ਼ਮੀ ਹੈ। ਜੇ ਖ਼ੁਦਾ ਨੇ ਆਮ ਸ਼ਬਦ ''ਲੱਕੜੀ'' ਵਰਤਿਆ ਹੁੰਦਾ ਤਾਂ ਨੂਹ ਕਿਸੇ ਵੀ ਲੱਕੜੀ ਦੀ ਵਰਤੋਂ ਕਰ ਸਕਦਾ ਸੀ। ਕੁਝ ਲੋਕ ਇਸ ਤਰਕ ਉੱਤੇ ਇਤਰਾਜ਼ ਕਰਦੇ ਹਨ, ਪਰ ਖ਼ੁਦਾ ਦੀ ਖਾਮੋਸ਼ੀ ਲਈ ਸਨਮਾਨ ਦਾ ਨਿਯਮ ਇੱਥੇ ਵੀ ਲਾਗੂ ਹੁੰਦਾ ਹੈ। ਜੇ ਨਵੇਂ ਨੇਮ ਵਿਚ ''ਕਲੀਸੀਆ ਵਿਚ'' *ਸੰਗੀਤ* ਹੁੰਦਾ ਸੀ ਵਾਲੇ ਸ਼ਬਦਾਂ ਵਾਲਾ ਕੋਈ ਹੁਕਮ ਜਾਂ ਉਦਾਹਰਣ ਹੁੰਦਾ ਤਾਂ ਅਸੀਂ ਆਪਣੀ ਮਨਮਰਜ਼ੀ ਵਾਲੇ ਸੰਗਤੀ ਦੀ ਵਰਤੋਂ ਕਰ ਸਕਦੇ

ਸਾਂ। ਪਰ ਬੰਦਗੀ ਵਿਚ ਗਾਉਣ ਨਾਲ ਸਬੰਧਿਤ ਨਵੇਂ ਨੇਮ ਦੇ ਨੌਂ ਹਵਾਲਿਆਂ ਵਿਚ ਗਾਉਣ ਦੀ ਹੀ ਗੱਲ ਹੈ।[56] ਇਹ ਸਾਨੂੰ ਸਿਰਫ਼ *ਕੈਪੇਲਾ* ਸੰਗੀਤ ਜੋ ਕਿ ਇਟੈਲੀਅਨ ਸ਼ਬਦ ਹੈ, ਜਿਸ ਦਾ ਮੂਲ ਅਰਥ ''ਚੈਪਲ ਦੀ ਸ਼ੈਲੀ ਵਿਚ'' ਦੀ ਹੀ ਇਜਾਜ਼ਤ ਦਿੰਦਾ ਹੈ। ਸਾਨੂੰ ਦਿਲ ਦੇ ਸਾਜ਼ ਦੀ ਵਰਤੋਂ ਕਰਦਿਆਂ ਖ਼ੁਦਾ ਦੇ ਅੱਗੇ ''ਸੁਰ ਲਾਉਣਾ'' (*psallō*) ਜ਼ਰੂਰੀ ਹੈ (ਅਫ਼ਸੀਆਂ 5:19)।

''ਸਾਡਾ ਪ੍ਰਭੂ'' (7:14)

ਆਇਤ 14 ਵਿਚ ਜਿਸ ਸਖ਼ਸ਼ ਨੂੰ ''ਸਾਡਾ ਪ੍ਰਭੂ'' ਦੱਸਿਆ ਗਿਆ ਹੈ ਉਹ ਜ਼ਾਹਿਰ ਤੌਰ ਤੇ ਯਿਸੂ ਮਸੀਹ ਹੀ ਹੈ। ਪਤਰਸ ਦੇ ਠੋਰ ਦਾਅਵੇ ਦੇ ਅਧਾਰ ਤੇ ਜ਼ਬੂਰ 110:1 ਵਾਲੀ ਨਬੂਵਤ ਵਿਚ ਦੂਜਾ ''ਪ੍ਰਭੂ'' ਯਿਸੂ ਨੂੰ ਹੀ ਦੱਸਿਆ ਗਿਆ ਹੈ (ਰਸੂਲਾਂ ਦੇ ਕੰਮ 2:34, 35)। ਸਾਨੂੰ ਉਸ ਨੂੰ ਆਪਣੀਆਂ ਜ਼ਿੰਦਗੀਆਂ ਦਾ ਪ੍ਰਭੂ ਮੰਨ ਲੈਣਾ ਚਾਹੀਦਾ ਹੈ। ਪਰ ਅਸੀਂ ਉਸ ''ਪ੍ਰਭੂ'' ਦੇ ਰਾਹੀਂ ਪਰਮੇਸ਼ੁਰ ਪਿਤਾ ਅੱਗੇ ਜੋ ਕਿ ਪੁਰਾਣੇ ਨੇਮ ਵਾਲਾ ''ਯਹੋਵਾਹ'' ਹੈ ਦੁਆ ਕਰਦੇ ਹਾਂ। ਯਿਸੂ ਨਵੇਂ ਨੇਮ ਦਾ ਪ੍ਰਭੂ ਹੈ।[57]

ਇਸ ਯੁੱਗ ਜਿਹੇ ਨਾ ਹੋ ਕੇ ਸਾਡੇ ਲਈ ਆਪਣੀਆਂ ਜ਼ਿੰਦਗੀਆਂ ਵਿਚ ਯਿਸੂ ਨੂੰ ਪ੍ਰਭੂ ਬਣਾਉਣਾ ਜ਼ਰੂਰੀ ਹੈ (ਰੋਮੀਆਂ 12:1, 2)। ਅਜਿਹਾ ਕਰਦਿਆਂ ਅਸੀਂ ਇਹ *ਸਾਬਤ* ਕ ਰਨ ਦੇ ਵੱਡੇ ਕੀਤੇ ਨੂੰ ਹਾਸਲ ਕਰਦੇ ਹਾਂ ''ਪਰਮੇਸ਼ੁਰ ਦੀ ਇੱਛਾ'' ਕੀ ਹੈ (ਰੋਮੀਆਂ 12:2)। ਅਸੀਂ ਆਪਣੇ ਅਤੇ ਦੂਜਿਆਂ ਸਾਹਮਣੇ ਆਪਣੇ ਪ੍ਰਭੂ ਦੀ ਸੇਵਾ ਕਰਕੇ ਉਸ ਅਨੋਖੇ ਆਨੰਦ ਵੀ ਸਾਬਿਤ ਕਰਦੇ ਹਾਂ। ਭਲਾ ਉਹ ਸਾਡੀ ਜ਼ਿੰਦਗੀ ਦਾ ਪ੍ਰਭੂ ਹੈ? ਭਲਾ ਤੁਸੀਂ ਇਸ ਨੂੰ ਸਾਬਿਤ ਕਰ ਦਿੱਤਾ ਹੈ? ਦੂਜਿਆਂ ਨੂੰ ਵਿਸ਼ਵਾਸ ਦੇ ਸਹੀ ਬਚਾਅ ਦੇ ਰਾਹੀਂ ਮਸੀਹ ਤਕ ਲਿਆਉਣ ਦੇ ਯੋਗ ਹੋਣ ਲਈ ਸਾਨੂੰ ''ਮਸੀਹ ਨੂੰ ਪ੍ਰਭੂ ਕਰਕੇ ਆਪਣੇ ਹਿਰਦੇ ਵਿਚ ਪਵਿੱਤਰ'' ਮੰਨਣਾ ਅਤੇ ''*[ਜਿਹੜੀ]* ਸਾਨੂੰ ਆਸ ਹੈ ... ਜੋ *[ਸਾਡੇ]* ਕੋਲੋ ਉਹਦਾ ਕਾਰਣ ਪੁੱਛੇ, ਉੱਤਰ ਦੇਣ ਨੂੰ ਸਦਾ ਤਿਆਰ'' ਰਹਿਣਾ ਜ਼ਰੂਰੀ ਹੈ (1 ਪਤਰਸ 3:15)। ਆਪਣੀਆਂ ਜ਼ਿੰਦਗੀਆਂ ਦੇ ਪ੍ਰਭੂ ਦੇ ਰੂਪ ਵਿਚ ਮਸੀਹ ਨਾਲ ਸਾਨੂੰ ਉਸ ਸ਼ਾਂਤੀ ਦਾ ਪਤਾ ਲੱਗੇਗਾ ਮਸੀਹ ਨੂੰ ਆਪਣੀਆਂ ਜ਼ਿੰਦਗੀਆਂ ਦਾ ਪ੍ਰਭੂ ਬਣਾਉਣ ਤੇ ਸਾਨੂੰ ਉਸ ਸ਼ਾਂਤੀ ਦਾ ਪਤਾ ਲੱਗੇਗਾ ਜਿਸ ਦੀ ਖ਼ਾਹਿਸ਼ ਅਸੀਂ ਬੜੀ ਸ਼ਿੱਦਤ ਨਾਲ ਕਰਦੇ ਹਾਂ। ਸਾਨੂੰ ਦਿਲੇਰੀ ਨਾਲ ਜ਼ਿੰਦਗੀ ਦਾ ਸਾਹਮਣਾ ਕਰਨ ਦੀ ਹਿੰਮਤ ਅਤੇ ਸਾਡਾ ਵਿਸ਼ਵਾਸ ਕਮਜ਼ੋਰ ਹੋਣ ਤੇ ਫ਼ਤਹਿ ਮਿਲੇਗੀ। ਜੇ ਪਵਿੱਤਰ ਕੀਤਾ ਹੋਇਆ ਮਸੀਹ ਸਾਡੇ ਦਿਲਾਂ ਦਾ ਪ੍ਰਭੂ ਹੈ, ਤਾਂ ''ਵੱਡੀ ਕਿਰਪਾ'' ਜਿਸ ਦੀ ਸਾਨੂੰ ਲੋੜ ਅਤੇ ਚਾਹ ਹੈ, ਸਾਨੂੰ ਮਿਲ ਸਕਦੀ ਹੈ (ਰਸੂਲਾਂ ਦੇ ਕੰਮ 4:33)। ਹੱਦੋਂ ਵੱਧ ਕਿਰਪਾ ਹੁਣ ਵੀ ਸਾਡਾ ਖ਼ਜ਼ਾਨਾ ਹੈ।

ਪਰਮੇਸ਼ੁਰ ਦੇ ਨੇੜੇ ਹੋਣਾ (7:19)

ਸਾਨੂੰ ਖ਼ੁਦਾ ਦੇ ਨੇੜੇ ਆਉਣ ਦਾ ਹੁਕਮ ਦਿੱਤਾ ਗਿਆ ਹੈ (ਯਾਕੂਬ 4:8)। ਉਹ ਪਹਿਲਾਂ ਹੀ ਸਾਡੇ ਨੇੜੇ ਆ ਗਿਆ ਹੈ। ਇਸ ਕਰਕੇ ਅਸੀਂ ਆਪਣਾ ਯੋਗਦਾਨ ਦੇਣ ਦੇ ਮੌਕੇ ਨੂੰ ਨਾ ਗੁਆਈਏ। ਯਾਕੂਬ ਦੇ ਕਹਿਣ ਤੋਂ ਭਾਵ ਕਿ ਜੇ ਅਸੀਂ ਉਸ ਦੀ ਗੱਲ ਨੂੰ ਮੰਨੀਏ ਤਾਂ ਉਹ ਸਾਡੇ ਹੋਰ ਨੇੜੇ ਆ ਜਾਵੇਗਾ। ਮੱਤੀ 11:28–30 ਵਾਲਾ ਵੱਡਾ ਸੱਦਾ ਸਾਨੂੰ ਮਸੀਹ ਦੇ ਰਾਹੀਂ ਆਪਣੇ ਨੇੜੇ ਆਉਣ ਦੀ ਬੇਨਤੀ ਕਰਦਿਆਂ, ਖ਼ੁਦਾ ਦੇ ਵੱਲੋਂ ਦਿੱਤਾ ਗਿਆ ਹੈ। ਸਾਡੇ ਲਈ ਪ੍ਰਕਾਸ਼ ਦੀ ਪੋਥੀ 22:17ਅ ਵਿਚ ਦਿੱਤੇ ਹੁਕਮ ''ਜਿਹੜਾ ਤਿਹਾਇਆ ਹੋਵੇ ਉਹ ਆਵੇ'' ਨੂੰ ਮੰਨਣਾ ਜ਼ਰੂਰੀ ਹੈ।

ਘੱਟੋ ਘੱਟ ਦੋ ਗੱਲਾਂ ਆਦਮੀ ਨੂੰ ਖ਼ੁਦਾ ਤੋਂ ਦੂਰ ਰੱਖਣਗੀਆਂ। ਪਹਿਲੀ ਤਾਂ *ਪਾਪ* ਹੈ। ਸਾਡੇ ਪਵਿੱਤਰ ਪਰਮੇਸ਼ੁਰ ਦਾ ਸੁਭਾਅ ਹੀ ਪਾਪੀ ਨੂੰ ਆਪਣੀ ਹਜ਼ੂਰੀ ਵਿਚ ਆਉਣ ਤੋਂ ਰੋਕਦਾ ਹੈ (ਯਸਾਯਾਹ 59:1, 2; ਪ੍ਰਕਾਸ਼ ਦੀ ਪੋਥੀ 21:27)। ਮਨੁੱਖੀ ਜੀਵਾਂ ਨੂੰ ਲਗਦਾ ਹੈ ਕਿ ਇਸ ਦੀ ਸਮਝ ਹੈ। ਦੂਜੀ ਗੱਲ *ਖੌਫ਼* ਹੈ। ਆਪਣੇ ਮਨਾਂ ਵਿਚ ਦੋਸ਼ ਲੈ ਕੇ ਖ਼ੁਦਾ ਦਾ ਸਾਹਮਣਾ ਕਰਨ ਦੀ ਅੰਦਰੂਨੀ ਸਮਝ

ਮਨ ਵਿਚ ਖੌਫ਼ ਪੈਦਾ ਕਰਦੀ ਹੈ। ਯਸਾਯਾਹ ਨੇ ਆਪਣੇ ਆਪ ਨੂੰ ''ਭਰਿਸ਼ਟ ਬੁੱਲ੍ਹਾਂ ਵਾਲਾ'' ਪਾਪੀ ਦੇ ਰੂਪ ਵਿਚ ਮੰਨ ਲਿਆ ਸੀ ਜਦ ਉਸ ਨੇ ਯਹੋਵਾਹ ਦੇ ਜਲਾਲ ਨੂੰ ਵੇਖਿਆ (ਯਸਾਯਾਹ 6:5)। ਜਿਨ੍ਹਾਂ ਲੋਕਾਂ ਨੂੰ ਵਚਨ ਨਾਲ ਸਮਝ ਆ ਜਾਂਦੀ ਹੈ ਕਿ ਉਨ੍ਹਾਂ ਨੂੰ ਮਾਫ਼ੀ ਮਿਲ ਗਈ ਹੈ, ਉਹ ਬਿਨਾਂ ਖੌਫ਼ ਦੇ ਮੌਤ ਦਾ ਸਾਹਮਣਾ ਕਰ ਸਕਦੇ ਹਨ (ਇਬਰਾਨੀਆਂ 2:14, 15)। ਸਮੇਂ ਦੇ ਬੀਤਣ ਨਾਲ ਵਿਸ਼ਵਾਸ ਨਾਲ ਭਰੇ ਮਨ ਵਾਲਾ ਵਿਅਕਤੀ ਘਰ ਜਾਣ ਅਤੇ ਖ਼ੁਦਾ ਦੇ ਨਾਲ ਹੋਣ ਲਈ ਪੂਰੀ ਤਰ੍ਹਾਂ ਨਾਲ ਤਿਆਰ ਹੋ ਸਕਦਾ ਹੈ ਕਿਉਂ ਜੋ ਉਸ ਨੇ ਉਸ ਖੌਫ਼ ਉੱਤੇ ਕਾਬੂ ਪਾ ਲਿਆ ਹੈ ਅਤੇ ਹੁਣ ਆਪਣੇ ਸੁਰਗੀ ਪਿਤਾ ਦੀ ਨੇੜਤਾ ਦਾ ਚਾਹਵਾਨ ਹੈ।

### ਸੁੰਨਤ ਲਈ ਮਜਬੂਰ ਕਰਨਾ (7:21)

ਗਲਾਤੀਆਂ 5:1–5 ਅਤੇ ਰੋਮੀਆਂ 2:25–28 ਉਨ੍ਹਾਂ ਯਹੂਦੀਵਾਦੀਆਂ ਬਾਰੇ ਦੱਸਦੇ ਹਨ ਜਿਨ੍ਹਾਂ ਨੇ ਗੈਰਕੌਮ ਮਸੀਹੀ ਲੋਕਾਂ ਨੂੰ ਜ਼ਬਰਦਸਤੀ ਸੁੰਨਤ ਕਰਵਾਉਣੀ ਚਾਹੀ ਸੀ। ਪੌਲੁਸ ਨੇ ਇਹ ਵਿਖਾਉਂਦਿਆਂ ਕਿ ਤਰਕਸੰਗਤ ਰੂਪ ਵਿਚ ਕੋਈ ਕਹੇ ਕਿ ਜੇ ਸ਼ਰ੍ਹਾ ਦਾ ਇਕ ਵੀ ਹਿੱਸਾ ਅਮਲ ਵਿਚ ਸੀ ਤਾਂ ਖ਼ੁਦਾ ਵੱਲੋਂ ਧਰਮੀ ਠਹਿਰਾਏ ਜਾਣ ਨੂੰ ਪਾਉਣ ਲਈ ਪੂਰੀ ਦੀ ਪੂਰੀ ਸ਼ਰ੍ਹਾ ਨੂੰ ਮੰਨਣਾ, ਇਸ ਕੰਮ ਦੀ ਨਿੰਦਿਆ ਕੀਤੀ। ਇਹ ਵਿਖਾਉਂਦਿਆਂ ਕਿ ਜੇ ਸ਼ਰ੍ਹਾ ਦਾ ਇਕ ਭਾਗ ਵੀ ਲਾਗੂ ਸੀ ਤਾਂ ਖ਼ੁਦਾ ਵੱਲੋਂ ਧਰਮੀ ਠਹਿਰਾਏ ਜਾਣ ਨੂੰ ਪਾਉਣ ਲਈ ਪੂਰੀ ਦੀ ਪੂਰੀ ਸ਼ਰ੍ਹਾ ਨੂੰ ਮੰਨਣ ਦੀ ਗੱਲ ਤਰਕਸੰਗਤ ਹੋਵੇਗੀ, ਪੌਲੁਸ ਨੇ ਇਸ ਕੰਮ ਦੀ ਨਿੰਦਿਆਂ ਕੀਤੀ। ਇਸੇ ਤਰ੍ਹਾਂ ਜੇ ਸ਼ਰ੍ਹਾ ਦਾ ਇਕ ਭਾਗ ਪੂਰਾ ਹੋ ਗਿਆ ਜਾਂ ਮਿਟਾ ਦਿੱਤਾ ਗਿਆ ਤਾਂ ਤਰਕਸੰਗਤ ਰੂਪ ਵਿਚ ਸਾਰੀ ਸ਼ਰ੍ਹਾ ਨਾਲ ਇਹੀ ਹੋਇਆ। ਇਬਰਾਨੀਆਂ ਦੀ ਕਿਤਾਬ ਯਹੂਦੀ ਵਿਸ਼ਵਾਸੀਆਂ ਲਈ ਲਿਖੀ ਗਈ ਸੀ, ਇਸ ਕਰਕੇ ਸੁੰਨਤ ਦੇ ਵਿਸ਼ੇ ਦਾ ਜ਼ਿਕਰ ਕਰਨ ਦੀ ਲੋੜ ਨਹੀਂ ਸੀ। ਇਹ ਮਾਮਲਾ ਗੈਰ ਮਸੀਹੀ ਲੋਕਾਂ ਨਾਲ ਸਬੰਧਿਤ ਪਿਛਲੇ ਲੇਖਾਂ ਵਿਚ ਸੁਲਝਾਅ ਲਿਆ ਗਿਆ ਸੀ।

### ਅਟੱਲ ਸੇਵਕਾਈ (7:21)

ਖ਼ੁਦਾ ਨੇ ਸਹੁੰ ਖਾਧੀ ਹੈ ਕਿ ਉਹ ਨਵੇਂ ਨੇਮ ਦੀ ਯਾਜਕਾਈ ਦੇ ਸਬੰਧ ਵਿਚ ਆਪਣੇ ਮਨ ਨੂੰ ਨਹੀਂ ਬਦਲੇਗਾ। ਇਹ ਮਸੀਹ ਦੇ ਬਾਅਦ ਕਿਸੇ ਨਵੇਂ ''ਨਬੀ'' ਵੱਲੋਂ ਬਾਅਦ ਦੇ ਕਿਸੇ ਪ੍ਰਬੰਧ ਲਈ ਕੋਈ ਥਾਂ ਨਹੀਂ ਰਹਿਣ ਦਿੰਦਾ। ਨਾ ਹੀ ਕੋਈ ਹਾਰੂਨ ਜਾਂ ਮਲਕਿਸਿਦਕ ਦੀ ਯਾਜਕਾਈ ਨੂੰ ਬਹਾਲ ਕਰਕੇ ਕਿਸੇ ਤਰ੍ਹਾਂ ਧਰਮੀ ਠਹਿਰ ਸਕਦਾ ਹੈ। ਦੋ ਹਜ਼ਾਰ ਸਾਲਾਂ ਵਿਚ ਬਾਈਬਲ ਦੀ ਸਿੱਖਿਆ ਨਹੀਂ ਬਦਲੀ ਹੈ।

ਇਸ ਸਬੰਧ ਵਿਚ ''ਉਹ ਨਹੀਂ ਬਦਲੇਗਾ'' ਵੀ ਖ਼ੁਦਾ ਦੀ ਯੋਜਨਾ ਇਕ ਤਰੀਕਾ ਦੱਸਦੀ ਹੈ ਜਿਸ ਵਿਚ ਉਸ ਨੇ ਅਬਰਾਹਾਮ ਨੂੰ ਬਰਕਤ ਦਿੰਦੇ ਰਹਿਣਾ ਸੀ। ਭਾਵੇਂ ਵੱਡੀਆਂ ਵੱਡੀਆਂ ਜਿਸਮਾਨੀ ਬਰਕਤਾਂ ਦੇਣ ਦਾ ਇਰਾਦਾ ਸੀ, ਪਰ ਸਭ ਤੋਂ ਵੱਡੀ ਬਰਕਤ ਰੂਹਾਨੀ ਸੀ। ਵਿਸ਼ਵਾਸੀਆਂ ਦੇ ਪਿਤਾ ਦੇ ਰੂਪ ਵਿਚ (ਵੇਖੋ ਰੋਮੀਆਂ 4:16), ਅਬਰਾਹਾਮ ਕਲੀਸੀਆ ਦੇ ਰਾਹੀਂ ਖ਼ੁਦਾ ਦੀਆਂ ਬਰਕਤਾਂ ਪ੍ਰਾਪਤ ਕਰਦਾ ਜਾ ਰਿਹਾ ਹੈ। ਇਸ ਦੇ ਉਲਟ ਇਸਰਾਏਲ ਨੂੰ ਦੇਸ਼ ਦੇ ਸਾਰੇ ਵਾਅਦੇ ਜਾਂ ਤਾਂ ਬਾਬੁਲ ਦੀ ਗੁਲਾਮ ਤੋਂ ਪਹਿਲਾਂ ਦੇ ਸਨ ਜਾਂ ਉਸ ਦੇ ਦੌਰਾਨ ਦੇ। ਇਸਰਾਏਲ ਨੇ ਬਾਈਬਲ ਦਾ ਕੋਈ ਵੀ ਵਾਅਦਾ ਬਿਨਾਂ ਪੂਰਾ ਹੋਏ ਨਹੀਂ ਰਿਹਾ ਹੈ। ਭਾਵੇਂ ਉਹ ਕੌਮ ਦੇ ਰੂਪ ਵਿਚ ਹੋਵੇ ਜਾਂ ਜਾਤ ਦੇ ਰੂਪ ਵਿਚ, ਕਿ ਉਨ੍ਹਾਂ ਨੂੰ ਉਨ੍ਹਾਂ ਦੀ ਧਰਤੀ ਵਾਪਸ ਮਿਲ ਜਾਵੇ।

### ਇਕ ਦੂਜੇ ਦੇ ਜ਼ਾਮਨ (7:20-22)

ਇਬਰਾਨੀਆਂ 7:22 ਯਿਸੂ ਨੂੰ ਨਵੇਂ ਅਤੇ ਉੱਤਮ ਨੇਮ ਦਾ ''ਜ਼ਾਮਨ'' ਦੱਸਦਾ ਹੈ। ਯੂਨਾਨੀ–ਰੋਮੀ

ਰਵਾਇਤ ਕਿਸੇ ਦੇ ਆਪਣਾ ਕਰਜ਼ ਚੁਕਾਉਣ ਦੀ ਜ਼ਿੰਮੇਵਾਰੀ ਨੂੰ ਪੂਰਾ ਨਾ ਕਰ ਸਕਣ ਦੇ ਮਾਮਲਿਆਂ ਵਿਚ ਉਧਾਰ ਲੈਣ ਵਾਲੇ ਲਈ ਕਿ ਦੇ ਜਾਮਨ ਬਣਨ ਦੀ ਆਮ ਰਵਾਇਤ ਸੀ। ਸਾਡੇ ਜ਼ਾਮਨ ਦੇ ਰੂਪ ਵਿਚ ਯਿਸੂ ਇਸ ਗੱਲ ਦੀ ਗਾਰੰਟੀ ਦਿੰਦਾ ਹੈ ਕਿ ਖ਼ੁਦਾ ਦੇ ਪ੍ਰਤੀ ਸਾਡੀਆਂ ਜਵਾਬਦੇਹੀਆਂ ਨੂੰ ਪੂਰਾ ਕੀਤਾ ਜਾਵੇਗਾ।

ਇਸ ਹਵਾਲੇ ਦਾ ਅਰਥ ਇਹ ਵੀ ਹੋ ਸਕਦਾ ਹੈ ਕਿ ਯਿਸੂ ਸਾਨੂੰ ਯਕੀਨ ਦੁਆਉਂਦਾ ਹੈ ਕਿ ਖ਼ੁਦਾ ਸਾਡੇ ਵੱਲੋਂ ਆਪਣੇ ਵਾਅਦਿਆਂ ਵਿਚ ਕਮੀ ਨਹੀਂ ਰਹਿਣ ਦਵੇਗਾ। ਜੇ ਅਸਾਂ ਮਨ ਲਿਆ ਕਿ ਖ਼ੁਦਾ ਸਾਡੇ ਨਾਲ ਆਪਣਾ ਵਾਅਦਾ ਪੂਰਾ ਨਹੀਂ ਕਰ ਰਿਹਾ ਹੈ ਤਾਂ ਅਸੀਂ ਮਸੀਹ ਵੱਲ ਆ ਸਕਦੇ ਹਾਂ, ਜਿਹੜਾ ਇਹ ਗਾਰੰਟੀ ਦਿੰਦਾ ਹੈ ਕਿ ਹਰ ਰੱਬੀ ਵਾਅਦਾ ਪੂਰਾ ਕੀਤਾ ਜਾਵੇਗਾ। ਦੋਹਾਂ ਦੀ ਹਾਲਤਾਂ ਵਿਚ ਖ਼ੁਦਾ ਵੱਲੋਂ ਸਾਨੂੰ ਦਿੱਤੀਆਂ ਜਾਣ ਵਾਲੀਆਂ ਬਰਕਤਾਂ ਦੀ ਗਾਰੰਟੀ ਦੇਣ ਦੇ ਕੰਮ ਦਾ ਖ਼ੂਬਸੂਰਤ ਵਿਚਾਰ ਹੈ।

## ਪੱਕਾ ਨੇਮ (7:22)

ਯਿਸੂ ਉੱਤਮ ਨੇਮ ਦਾ ਸਾਡਾ ਜ਼ਾਮਨ ਹੈ। ਬਾਈਬਲ ਵਿਚ ਗਾਰੰਟੀ ਜਾਂ ਜ਼ਾਮਨ ਦੀ ਇਕ ਦਿਲ ਟੁੰਗਵੀ ਕਹਾਣੀ ਹੈ। ਯਹੂਦਾ ਨੇ ਬਿਨਆਮੀਨ ਲਈ ਆਪਣੇ ਆਪ ਨੂੰ ਜ਼ਾਮਨ ਐਲਾਨ ਦਿੱਤਾ ਜਿਸ ਵਿਚ ਉਸ ਨੇ ਆਪਣੇ ਪਿਤਾ ਨੂੰ ਗਾਰੰਟੀ ਦਿੱਤੀ ਕਿ ਬਿਨਿਆਮੀਨ ਮਿਸਰ ਤੋਂ ਸੁਰੱਖਿਅਤ ਮੁੜ ਆਵੇਗਾ (ਉਤਪਤ 43:8, 9)। ਯਹੂਦਾਹ ਨੇ ਆਖਿਆ, ''ਜੇ ਮੈਂ ਉਸ ਨੂੰ ਤੇਰੇ ਕੋਲ ਨਾਂ ਲਿਆਵਾਂ, ਅਰ ਤੇਰੇ ਸਨਮੁੱਖ ਨਾ ਬਿਠਾਵਾਂ ਤਾਂ ਮੈਂ ਸਦਾ ਲਈ ਤੇਰਾ ਪਾਪੀ ਠਹਿਰਾਂਗਾ।'' ਯਿਸ੍ਹ ਦੀ ਪੇਸ਼ਕਸ਼ ਦਾ ਇਹ ਕਿੰਨਾ ਕਮਾਲ ਦਾ ਆਦਿ ਰੂਪ ਹੈ। ਇਕ ਅਰਥ ਵਿਚ ਯਿਸੂ ਨੇ ਪਿਤਾ ਨੂੰ ਕਹਿਣਾ ਸੀ, ''ਮੈਂ ਧਰਤੀ ਉੱਤੇ ਜਾਵਾਂਗਾ ਅਤੇ ਇਨ੍ਹਾਂ ਗੁਆਚੀਆਂ ਹੋਈਆਂ ਰੂਹਾਂ ਲਈ ਜਿਨ੍ਹਾਂ ਨੂੰ ਕੋਈ ਪਿਆਰ ਕਰਦਾ ਹੈ, ਸਲੀਬ ਉੱਤੇ ਸਭ ਤੋਂ ਸ਼ਰਮਨਾਕ ਅਤੇ ਦਰਦਨਾਕ ਮੌਤ ਝੱਲਾਂਗਾ। ਮੈਂ ਗਾਰੰਟੀ ਦਿੰਦਾਂ ਹਾਂ ਕਿ ਮੈਂ ਦੋਸ਼ੀਆਂ ਲਈ ਨਿਰਦੋਸ਼ ਦੇ ਰੂਪ ਵਿਚ ਮਰ ਕੇ ਛੁਟਕਾਰੇ ਦਾ ਰਾਹ ਆਪ ਦਿਆਂਗਾ, ਤਾਂ ਜੋ ਉਨ੍ਹਾਂ ਨੂੰ ਬਚਾਉਣ ਵਿਚ ਤੂੰ ਧਰਮੀ ਠਹਿਰੇ। ਮੈਂ ਉਨ੍ਹਾਂ ਦੇ ਦੋਸ਼ ਹਮੇਸ਼ਾ ਲਈ ਆਪਣੇ ਉੱਤੇ ਲੈ ਲਾਂਗਾ'' (ਵੇਖੋ ਰੋਮੀਆਂ 3:23–26)। ਅਸੀ ਖ਼ੁਦਾ ਦੇ ਨਿਆਂ ਦੀਆਂ ਸ਼ਰਤਾਂ ਨੂੰ ਕਦੇ ਪੂਰਾ ਨਹੀਂ ਕਰ ਸਕਦੇ ਸਾਂ ਪਰ ਮਸੀਹ ਕਰ ਸਕਦਾ ਸੀ ਅਤੇ ਉਸ ਨੇ ਕੀਤਾ ਵੀ। ਹੁਣ ਖ਼ੁਦਾ ਸਾਨੂੰ ਬਚਾਉਣ ਵਿਚ ਧਰਮੀ ਠਹਿਰ ਸਕਦਾ ਹੈ, ਜਿਸ ਦੀ ਸਾਡੇ ਲਈ ਆਪਣੀ ਮੁਹੱਬਤ ਕਰਕੇ ਉਸ ਨੂੰ ਤੜਪ ਸੀ (ਯੂਹੰਨਾ 3:16)। ਇਸ ਪ੍ਰਬੰਧ ਦੀ ਜ਼ਬਰਦਸਤ ਗੱਲ ਇਹ ਹੈ ਕਿ ਖ਼ੁਦਾ ਵੱਲੋਂ ਕੀਤੀ ਗਈ ਹਰ ਗੱਲ ਧਰਮੀ ਹੈ। ਉਹ ਕੁਧਰਮ ਨਾਲ ਕੰਮ ਨਹੀਂ ਕਰ ਸਕਦਾ।

## ਸੇਵਾ ਦੇ ਅਯੋਗ ਠਹਿਰੇ (7:24, 25)

ਮਲਕਿਸਿਦਕ ਦੀ ਰੀਤ ਮੁਤਾਬਿਕ ਯੋਗ ਹੋਣ ਲਈ ਯਿਸੂ ਲਈ ਜ਼ਰੂਰੀ ਸੀ ਕਿ ਉਹ ਬੇਹੱਦ ਉੱਚ ਸਦਾਚਾਰੀ ਚਰਿੱਤਰ ਵਾਲਾ ਹੋਵੇ। ਸਹੀ ਵੰਸ਼ਾਵਲੀ ਵਾਲੇ ਵਿਅਕਤੀ ਲਈ ਯਾਜਕਾਈ ਤੋਂ ਠੁਕਰਾਏ ਜਾਣ ਲਈ ਯਹੂਦੀ ਸ਼ਰ੍ਹਾ ਅਤੇ ਰਵਾਇਤ ਵਿਚ 142 ਕਾਰਣ ਸਨ। ਇਹ ਸਾਰੇ ਕਾਰਣ ਜਿਸਮਾਨੀ ਸਨ ਅਤੇ ਇਨ੍ਹਾਂ ਦਾ ਉਸ ਦੇ ਅੰਦਰੂਨੀ ਸੁਭਾਅ ਜਾਂ ਚਰਿੱਤਰ ਨਾਲ ਕੋਈ ਵਾਸਤਾ ਨਹੀਂ ਸੀ। ਉਹ ਕਿਹੋ ਜਿਹਾ ਲਗਦਾ ਸੀ, ਕੀ ਪਹਿਨਦਾ ਸੀ ਅਤੇ ਉਸ ਦੇ ਵਾਲ ਕਿਹੋ ਜਿਹੇ ਸਨ, ਇਹ ਸਭ ਬੇਹੱਦ ਅਹਿਮ ਗੱਲਾਂ ਸਨ। ਯਾਜਕ ਨਿਯੁਕਤ ਹੋਣ ਲਈ ਕਈ ਰਸਮਾਂ ਵਿੱਚੋਂ ਲੰਘਣਾ ਜ਼ਰੂਰੀ ਹੁੰਦਾ ਸੀ।

ਉਨ੍ਹਾਂ ਨਿਯਮਾਂ ਦਾ ਬਾਹਰੀ ਹੋਣਾ ਇਸ ਹਕੀਕਤ ਨੂੰ ਬਿਆਨ ਕਰਦਾ ਹੈ ਕਿ ਸ਼ਰ੍ਹਾ ਲੋਕਾਂ ਨੂੰ ਖ਼ੁਦਾ ਤਕ ਲਿਆ ਕੇ ਉਨ੍ਹਾਂ ਨੂੰ ਪਾਪ ਤੋਂ ਸ਼ੁੱਧ ਨਹੀਂ ਕਰ ਸਕੀ। ਸ਼ਰ੍ਹਾ ਦੇ ਨਿਯਮ ਅਤੇ ਬੰਦਗੀ ਵੇਖਣ, ਸੁੰਘਣ, ਸੁਣਨ ਅਤੇ ਛੂਹਣ ਦੇ ਸਰੀਰਕ ਬੋਧਾਂ ਤੇ ਅਧਾਰਿਤ ਪੂਰੀ ਤਰ੍ਹਾਂ ਨਾਲ ਬਾਹਰੀ ਸਨ। ਨਰਸਿੰਘਾ

ਫੂਕਣ ਅਤੇ ਪ੍ਰਧਾਨ ਯਾਜਕ ਦੇ ਸਹੁੰਣੇ ਕੱਪੜਿਆਂ ਦਾ ਹੋਣਾ ਕਿਸੇ ਵੀ ਤਰ੍ਹਾਂ ਨਾਲ ਮਨੁੱਖ ਦੇ ਮਨ ਜਾਂ ਆਤਮਾ ਨਾਲ ਉਸ ਦਾ ਕੋਈ ਵਾਸਤਾ ਨਹੀਂ ਸੀ।

ਕੁਝ ਲੋਕ ਮਸੀਹੀ ਹਕੀਕਤ ਨੂੰ ਛੱਡ ਕੇ ਪਰਛਾਵੇਂ ਵੱਲ ਮੁੜਨਾ ਚਾਹੁੰਦੇ ਸਨ (ਇਬਰਾਨੀਆਂ 10:1) ਪਰ ਪਰਛਾਵਾਂ ਖ਼ੁਦਾ ਦੇ ਨੇੜੇ ਲਿਆਉਣ ਲਈ ਬੰਦਗੀ ਕਰਨ ਵਾਲੇ ਨੂੰ ਯੋਗ ਨਹੀਂ ਬਣਾ ਸਕਦਾ ਸੀ। ਸ਼ਰ੍ਹਾ ਵਿਚ ਐਨੀਆਂ ਜਿਸਮਾਨੀ ਹੱਦਾ ਸਨ ਕਿ ਰੂਹਾਨੀ ਤੌਰ ਤੇ ਮਨੁੱਖ ਦੀਆਂ ਲੋੜਾਂ ਨੂੰ ਪੂਰਾ ਕਰਨ ਲਈ ਉਹ ਕਾਫ਼ੀ ਨਹੀਂ ਸਨ। ਪਰਛਾਵੇਂ ਅਤੇ ਹਕੀਕਤ ਵਿਚ ਫ਼ਰਕ ਨੂੰ ਨਾ ਵੇਖ ਪਾਉਣਾ ਕਿੰਨਾਂ ਵੱਡਾ ਦੁਖਾਂਤ ਹੈ। ਸ਼ਰ੍ਹਾ ਮਨੁੱਖ ਦੇ ਪਾਪ ਅਤੇ ਨਾਕਾਮੀ ਵੱਲ ਧਿਆਨ ਦੁਆ ਸਕਦੀ ਸੀ।[58] ਇਹ ਲੋਕਾਂ ਨੂੰ ਉਸ ਉਂਚਾਈ ਤਕ ਨਹੀਂ ਪਹੁੰਚਾ ਸਕਦੀ ਸੀ ਜਿਸ ਉਂਚਾਈ ਵਿਚ ਯਿਸੂ ਲਿਜਾਂਦਾ ਹੈ।

ਯਿਸੂ ਅਤੇ ਸਾਡੀਆਂ ਮੁਸਕਿਲਾਂ (7:25)

ਬੜੀ ਹੈਰਾਨੀ ਵਾਲੀ ਗੱਲ ਹੈ ਕਿ ਯਿਸੂ ਨੇ ਪਾਪ, ਮੌਤ ਅਤੇ ਸ਼ੈਤਾਨ ਦੀਆਂ ਅਜ਼ਮਾਇਸ਼ਾਂ ਦੀਆਂ ਸਾਡੀਆਂ ਮੁਸ਼ਕਿਲਾਂ ਨਾਲ ਨਜਿੱਠਿਆ। ਇਹ ਆਉਂਦੀਆਂ ਹੀ ਰਹਿੰਦੀਆਂ ਹਨ। ਜੇ ਅਸੀਂ ਸ਼ੈਤਾਨ ਨੂੰ ਆਪਣੇ ਆਪ ਨੂੰ ਅਜਮਾਉਣ ਦੀ ਇਜਾਜ਼ਤ ਦਈਏ ਤਾਂ ਉਹ ਸਾਨੂੰ ਅਜ਼ਮਾਇਸ਼ ਵਿਚ ਪਾਈ ਰੱਖਦਾ ਹੈ। ਸਾਨੂੰ ਆਪਣੀਆਂ ਮੁਸ਼ਕਿਲਾਂ ਨੂੰ ਰੋਕ ਯਿਸੂ ਵੱਲ ਮੋੜਨਾ ਜ਼ਰੂਰੀ ਹੈ (ਫ਼ਿਲਿੱਪੀਆਂ 4:4–8), ਜਿਹੜਾ ਸਾਡੇ ਲਈ ਸਿਫ਼ਾਰਿਸ਼ ਕਰਦਾ ਹੈ। ਯਿਸੂ ਵਿਚ ਸਾਡਾ ਕਿੰਨਾਂ ਪਿਆਰਾ ਦੂਤ ਹੈ। ਕੀ ਤੁਸੀਂ ਰੋਜ ਦੀਆਂ ਦੁਆਵਾਂ ਅਤੇ ਹੁਕਮ ਮੰਨਣ ਦੇ ਰਾਹੀਂ ਸਚਮੁਚ ਵਿਚ ਉਹਦੇ ਨਾਲ ਦੋਸਤੀ ਵਧਾਉਣ ਦੀ ਕਲਪਨਾ ਕਰ ਸਕਦੇ ਹੋ? ਇਹ ਇਕ ਸ਼ਾਨਦਾਰ ਵਿਚਾਰ ਹੈ ਜਿਹੜਾ ਲਗਭਗ ਸਮਝ ਤੋਂ ਬਾਹਰ ਹੈ, ਪਰ ਜਦ ਅਸੀਂ ਵਿਸ਼ਵਾਸ ਨਾਲ ਉਹਦੇ ਨਾਲ ਸਹਿਯੋਗ ਕਰਦੇ ਹਾਂ ਤਾਂ ਇਵੇਂ ਹੋ ਸਕਦਾ ਹੈ (1 ਪਤਰਸ 1:3–5)। ਆਪਣੀਆਂ ਜ਼ਿੰਦਗੀਆਂ ਵਿਚ ਮਸੀਹੀ ਫ਼ਜ਼ਲਾਂ ਨੂੰ ਜੋੜਨ ਦੀ ਪ੍ਰਕਿਰਿਆ ਹੁਣ ਅਤੇ ਪੂਰੀ ਤਰ੍ਹਾਂ ਨਾਲ ਮੁਕਤੀ ਦਾ ਪੂਰਾ ਯਕੀਨ ਦੁਆਉਂਦੀ ਹੈ (ਵੇਖੋ 2 ਪਤਰਸ 1:5–11)। ਮਸੀਹ ਸਾਡੇ ਸਮਕਾਲੀ ਦੇ ਰੂਪ ਵਿਚ ਰਹਿੰਦਾ ਹੈ, ਨਹੀਂ ਤਾਂ ਉਹ ਸਾਡੇ ਵਿਚੋਲੇ ਅਤੇ ਪ੍ਰਧਾਨ ਯਾਜਕ ਦਾ ਕੰਮ ਨਹੀਂ ਕਰ ਸਕਦਾ ਸੀ।

ਯਿਸੂ ਸਾਡੀ ਪਾਪ ਦੀ ਮੁਸ਼ਕਿਲ ਵਿਚ ਸਾਡੀ ਮਦਦ ਕਰਦਾ ਹੈ, ਪਰ ਉਹ ਗਿਆਨ ਅਤੇ ਵਿਸ਼ਵਾਸ ਦੇ ਵੱਧਣ ਦੀ ਕੋਸ਼ਿਸ਼ ਦੇ ਬਗੈਰ ਪਾਪ ਦੀ ਇੱਛਾ ਉੱਤੇ ਕਾਬੂ ਨਹੀਂ ਪਾ ਸਕਦੇ (1 ਪਤਰਸ 2:1–3; 2 ਪਤਰਸ 3:18)। ਆਪਣੀਆਂ ਦੁਆਵਾਂ ਦੇ ਰਾਹੀਂ ਅਸੀਂ ''ਉਹ ਕਿਰਪਾ ਜੋ ਵੇਲੇ ਸਿਰ ਸਾਡੀ ਸਹਾਇਤਾ ਕਰੇ'' (ਇਬਰਾਨੀਆਂ 4:16) ਪਾਉਂਦੇ ਹਾਂ, ਪਰ ਇਹ ਇਜ਼ਮਾਇਸ਼ ਵਿੱਚੋਂ ਕੱਢਣ ਦੇ ਨਾਲ ਲੱਭਣ ਦੀ ਸਾਡੀ ਇੱਛਾਂ ਨੂੰ ਖ਼ਤਮ ਨਹੀਂ ਕਰ ਦਿੰਦਾ (1 ਕੁਰਿੰਥੀਆਂ 10:13)।

ਕੁਝ ਲੋਕ ਆਪਣੀ ਪਾਪ ਭਰੀ ਜੀਵਨ ਸ਼ੈਲੀ ਲਈ ਆਖਦੇ ਹਨ, ''ਇਹ ਤਾਂ ਮੇਰਾ ਸੁਭਾਅ ਹੀ ਹੈ। ਮੈਂ ਨਹੀਂ ਬਦਲ ਸਕਦਾ।'' ਪੌਲੁਸ ਨੇ ਆਖਿਆ, ਕਿ ਕੁਝ ਬੁਰੇ ਤੋਂ ਬੁਰੇ ਪਾਪੀ ਵੀ ਬਦਲ ਗਏ ਸਨ (1 ਕੁਰਿੰਥੀਆਂ 6:9–11)। ਜੇ ਕੁਰਿੰਥੁਸ ਦੇ ਲੋਕ ਕਾਮੁਕ ਇੱਛਾਵਾਂ ਅਤੇ ਲਾਲਚ ਦੀਆਂ ਬੁਰਿਆਈਆਂ ਤੋਂ ਬਚਾਏ ਜਾ ਸਕਦੇ ਸਨ ਤਾਂ ਕੌਣ ਕਹਿ ਸਕਦਾ ਹੈ ਕਿ ਅੱਜ ਕੋਈ ਨਹੀਂ ਬਦਲ ਸਕਦਾ। ਸ਼ੈਤਾਨ ਝੂਠ ਦੱਸਦਾ ਹੈ ਤਾਂ ਜੋ ਲੋਕਾਂ ਨੂੰ ਨਿਰਾਸ਼ਾ ਵਿਚ ਲੈ ਜਾਵੇ। ਯਿਸੂ ਆਸ ਦਿੰਦਾ ਹੈ ਅਤੇ ਸਾਨੂੰ ਨਿਰਾਸ਼ਾ ਤੋਂ ਬਚਾਉਂਦਾ ਹੈ।

ਹੋ ਸਕਦਾ ਹੈ ਕਿ ਅਸੀਂ ਬਾਰ ਬਾਰ ਪਾਪ ਕਰੀਏ ਪਰ ਇਹ ਧਾਰਣਾ ਕਿ ਯਿਸੂ ਨੇ ਫੇਰ ਆਪਣਾ ਲਹੂ ਦੇ ਦਿੱਤਾ ਜਾਂ ਸਲੀਬ ਉੱਤੇ ਆਪਣੇ ਦੁੱਖ ਦੀ ਗੱਲ ਪਿਤਾ ਨੂੰ ਯਾਦ ਦੁਆਈ, ਮਨਘੰੜਤ ਗੱਲ ਹੈ ਜਿਹੜੀ ਇਸ ਹਵਾਲੇ ਨਾਲ ਝੂਠੀ ਠਹਿਰਦੀ ਹੈ। ਇਹ ਵਿਚਾਰ ਧਰਤੀ ਉੱਤੇ ''ਮਾਸ'' ਵਿਚ ਭਾਗ ਲੈਣ ਨੂੰ ਜਾਇਜ਼ ਠਹਿਰਾਉਣ ਦੀ ਕੋਸ਼ਿਸ਼ ਕਰਦਾ ਹੈ, ਪਰ ਇਹ ਬਾਈਬਲ ਦਾ ਵਿਚਾਰ ਨਹੀਂ

ਹੈ। ਆਪਣੀ ਮਰਜ਼ੀ ਨਾਲ ਮੌਤ ਵਿਚ ਵਿਖਾਧਇਆ ਗਿਆ ਕਿ ਯਿਸੂ ਦਾ ਆਪਣੇ ਆਪ ਦਾ ਇਨਕਾਰ ਹਮੇਸ਼ਾ ਲਈ ਇੱਕੋ ਹੀ ਵਾਰ ਕੀਤਾ ਜਾਣ ਵਾਲਾ ਕੰਮ ਸੀ (ਇਬਰਾਨੀਆਂ 9:27, 28)। ਪਿਤਾ ਨਾਲ ਉਸ ਦਾ ਸੰਪਰਕ ਸਿੱਧਾ ਹੈ ਪਰ ਖ਼ੁਦਾ ਨੂੰ ਯਿਸੂ ਦੀ ਕੁਰਬਾਨੀ ਨੂੰ ਯਾਦ ਦੁਆਉਣ ਦੀ ਉਵੇਂ ਹੀ ਲੋੜ ਨਹੀਂ ਹੈ ਜਿਵੇਂ ਇਨਸਾਨਾਂ ਨੂੰ ਹੁੰਦੀ ਹੈ।

### ਨਿਹਕਲੰਕ ਯਾਜਕ (7:26)

ਰਸਮੀ ਕਲੀਸੀਆਵਾਂ ਵਿਚ ਖ਼ਾਸ ਯਾਜਕ ਹੁੰਦੇ ਹਨ ਜਿਹੜੇ ਉਨ੍ਹਾਂ ਲਈ ਜਿਹੜੇ ਪਾਪਾਂ ਦਾ ਇਤਰਾਫ਼ ਜਾਂ ਇਕਰਾਰ ਕਰਦੇ ਹਨ, ਖ਼ੁਦਾ ਦੇ ਸਾਹਮਣੇ ਜਾਣ ਦਾ ਤਰਕ ਦਿੰਦੇ ਹਨ, ਜਦ ਅਸੀਂ ਪਾਪ ਕਰਦੇ ਹਾਂ ਤਾਂ ਸਾਨੂੰ ਪਾਪ ਨਾਲ ਭਰੇ ਮਨੁੱਖੀ ਯਾਜਕ ਅੱਗੇ ਇਕਰਾਰ ਕਰਨ ਦੀ ਲੋੜ ਨਹੀਂ ਹੈ। ਅਸੀਂ ਜੋ ਮਸੀਹ ਵਿਚ ਹਾਂ ਅਤੇ ਉਸ ਦੇ ਰਾਹੀਂ ਪਿਤਾ ਤਕ ਪਹੁੰਚਦੇ ਹਾਂ, ਸਾਨੂੰ ਇਹ ਦਿਲੇਰੀ ਮਿਲੀ ਹੈ ਕਿ ਸਾਡੇ ਪ੍ਰਧਾਨ ਯਾਜਕ ਉੱਤੇ ਬੇਸ਼ੱਕ ਭਰੋਸਾ ਕੀਤਾ ਜਾ ਸਕਦਾ ਹੈ। ਉਹ ਪਾਕ ਅਤੇ ਪਵਿੱਤਰ ਹੈ। ਉਹ ਸਾਡੇ ਭਰੋਸੇ ਅਤੇ ਵਿਸ਼ਵਾਸ ਦਾ ਹੱਕਦਾਰ ਹੈ। ਅਤੇ ਉਹਦੇ ਕੋਲ ਪੂਰੀ ਤਰ੍ਹਾਂ ਨਾਲ ਛੁਡਾਉਣ ਦੀ ਸ਼ਕਤੀ ਹੈ। ਉਸ ਕੰਮ ਲਈ ਕੋਈ ਵੀ ਮਨੁੱਖ ਕਾਫ਼ੀ ਨਹੀਂ ਹੈ।

ਮਸੀਹ ''ਨਿਹਕਲੰਕ'' ਹੈ। ਉਹ ਦਾ ਮੁਕੱਦਮਾ ਕਿੰਨਾਂ ਗਲਤ ਸੀ! ਜੱਜਾਂ ਨੇ ਉਸ ਨੂੰ ਕੁਫ਼ਰ ਦੇ ਇਲਜ਼ਾਮ ਤੇ ਦੋਸ਼ੀ ਐਲਾਨ ਦਿੱਤਾ। ਉਸ ਦੇ ਬੇਕਸੂਰ ਹੋਣ ਨੂੰ ਮੰਨਣ ਵਾਲਾ ਪਿਲਾਤੁਸ ਅਪਵਾਦ ਸੀ (ਲੂਕਾ 23:4, 13–16, 22); ਪਰ ਉਸ ਨੇ ਸਿਆਸੀ ਸਹੂਲਤ ਅੱਗੇ ਗੋਡੇ ਟੇਕ ਦਿੱਤੇ। ਯਿਸੂ ਨੇ ਸਾਡਾ ਦੋਸ਼ ਆਪਣੇ ਉੱਤੇ ਲੈ ਲਿਆ ਅਤੇ ਆਪਣੀ ਮੌਤ ਦੇ ਰਾਹੀਂ ਸਾਨੂੰ ਰੂਹਾਨੀ ਚੰਗਿਆਈ ਦੁਆਈ (1 ਪਤਰਸ 2:22–24; 3:18)। ਇਹ ''ਕੁਧਰਮੀਆਂ'' ਲਈ ''ਧਰਮੀ'' ਦਾ ਮਰਨਾ ਸੀ। ਉਸ ਦਾ ਚਰਿੱਤਰ ਹਰ ਤਰ੍ਹਾਂ ਨਾਲ ਪਾਕ ਹੈ।

### ਨਿਆਰਾ, ਪਰ ਫੇਰ ਵੀ ਦੋਸਤ? (7:26)

ਆਪਣੀ ਜ਼ਿੰਦਗੀ ਅਤੇ ਚਰਿੱਤਰ ਵਿਚ ਯਿਸੂ ਪੂਰੀ ਤਰ੍ਹਾਂ ਨਾਲ ਅੱਡ ਅਤੇ ''ਪਾਪੀਆਂ ਤੋਂ ਨਿਆਰਾ'' ਸੀ। ਇਹਦੇ ਨਾਲ ਹੀ ਸਾਡੇ ਲਈ ਆਪਣੇ ਲਗਾਅ ਕਰਕੇ ਉਸ ਨੇ ਪਾਪੀਆਂ ਦਾ ਦੋਸਤ ਹੋਣ ਲਈ ਆਪਣੇ ਆਪ ਨੂੰ ਸਾਬਿਤ ਕਰਨ ਵਾਸਤੇ ਆਪਣੀ ਪੂਰੀ ਤਾਕਤ ਲਾ ਦਿੱਤੀ। ਉਸ ਉੱਤੇ ਠੱਠੇ ਨਾਲ ''ਮਸੂਲੀਆਂ ਅਤੇ ਪਾਪੀਆਂ ਦੇ ਨਾਲ'' ਖਾਣ ਦਾ ਇਲਜ਼ਾਮ ਲਾਇਆ ਗਿਆ (ਮੱਤੀ 9:11), ਜੋ ਉਸ ਦੇ ਵਿਰੋਧੀਆਂ ਨੂੰ ਖ਼ਤਰਨਾਕ ਗੱਲ ਸੀ। ਯਿਸੂ ਇਲਜ਼ਾਮ ਤੋਂ ਮੁੱਕਰਿਆ ਨਹੀਂ ਬਲਕਿ ਅਸਲ ਵਿਚ ਉਸ ਨੇ ਆਖਿਆ ਕਿ ਉਨ੍ਹ ਨਾਂਲ ਸੰਪਰਕ ਕਰਨਾ ਹੀ ਉਸ ਦਾ ਉਹ ਮਕਸਦ ਸੀ ਜਿਹਦੇ ਲਈ ਉਹ ਸੰਸਾਰ ਵਿਚ ਆਇਆ ਸੀ (ਮੱਤੀ 9:12, 13)। ਉਸ ਉੱਤੇ ਉਨ੍ਹਾਂ ਵਰਗਾ ਹੋਣ ਅਤੇ ਇੱਥੋਂ ਤਕ ਕਿ ਉਨ੍ਹਾਂ ਦੀ ਸੰਗਤੀ ਕਰਕੇ ਸ਼ਰਾਬੀ ਤਕ ਹੋਣ ਦਾ ਇਲਜ਼ਾਮ ਲਾਇਆ ਗਿਆ (ਮੱਤੀ 11:19)।

ਸਾਨੂੰ ਵੀ ਪਾਪੀਆਂ ਦੇ ਦੋਸਤ ਹੋਣਾ ਜ਼ਰੂਰੀ ਹੈ, ਪਰ ਐਨੇ ਨਹੀਂ ਕਿ ਅਸੀਂ ਉਨ੍ਹਾਂ ਦੇ ਬੁਰੇ ਕੰਮਾਂ ਦੇ ਭਾਗੀ ਬਣ ਜਾਈਏ। ਅਸੀਂ ਯਿਸੂ ਵਰਗੇ ਨਹੀਂ ਹਾਂ; ਅਸੀਂ ਬੁਰਿਆਈ ਦੀ ਸੰਗਤੀ ਵਿਚ ਆਪਣੇ ਆਪ ਨੂੰ ਪਾ ਕੇ ਅਜਮਾਇਸ਼ ਵਿਚ ਪੈ ਸਕਦੇ ਹਾਂ। ਹੋ ਸਕਦਾ ਹੈ ਕਿ ਅਸੀਂ ਆਪਣੇ ਭਗਤੀ ਭਰੇ ਅਸਰ ਨਾਲ ਜਮਾਤ ਦੀ ਉਵੇਂ ਅਗਵਾਈ ਨਾ ਕਰ ਸਕੀਏ ਜਿਵੇਂ ਮਸੀਹ ਕਰ ਸਕਦਾ ਸੀ। ਇਕ ਵਾਰ ਇਕ ਜਵਾਨ ਜਿਸ ਨੂੰ ਮੈਂ ਜਾਣਦਾ ਸੀ ਸੇਵਕਾਈ ਲਈ ਤਿਆਰ ਹੋਣ ਵਾਸਤੇ ਬਾਈਬਲ ਕੋਲੇਜ ਵਿਚ ਚਲਿਆ ਗਿਆ। ਉਹ ਇਕ ਬੜਾ ਵਧੀਆ ਬੁਲਾਰਾ ਬਣ ਗਿਆ। ਬਾਅਦ ਵਿਚ ਮੈਂ ਉਸ ਨੂੰ ਸੁਣਿਆ ਜਦ ਉਹ ਆਪਣੀਆਂ ਗੱਲਾਂ ਨਾਲ ਵਿਦਿਆਰਥੀਆਂ ਨੂੰ ਰੋਮਾਂਚਿਤ ਕਰ ਰਿਹਾ ਸੀ। ਉਸ ਨੇ ਇਹ ਸੋਚਦਿਆਂ ਕਿ ਉਹ ਉਨ੍ਹਾਂ ਨੂੰ ਮਸੀਹ ਤਕ ਲਿਜਾ ਸਕਦਾ ਹੈ ਆਖਿਆ ਕਿ ਉਹ ਵੇਸਵਾਵਾਂ ਕੋਲ ਕੌਫ਼ੀ ਪੀਣ ਰਾਤ

ਨੂੰ ਜਾਣ। ਮੈਂ ਮਨ ਵਿਚ ਸੋਚਿਆ, ''ਅਜਿਹੇ ਕੰਮ ਲਈ ਬਹੁਤ ਛੋਟਾ ਹੈ। ਤੂੰ ਆਪਣੇ ਪਰਿਵਾਰ ਅਤੇ ਆਤਮਾ ਨੂੰ ਜੋਖ਼ਿਮ ਵਿਚ ਪਾ ਰਿਹਾ ਹੈ।'' ਉਸ ਦੇ ਬਾਅਦ ਮੈਂ ਉਹਦੇ ਬਾਰੇ ਸੁਣਿਆ ਕਿ ਉਹ ਦਾ ਅਤੇ ਉਸ ਦੀ ਪਤਨੀ ਦਾ ਤਲਾਕ ਹੋ ਗਿਆ ਹੈ। ਉਹ ਬਹੁਤ ਵੱਧ ''ਪਾਪੀਆਂ ਦਾ ਯਾਰ'' ਬਣਨਾ ਚਾਹੁੰਦਾ ਸੀ ਅਤੇ ਉਸ ਨੇ ਆਪਣੇ ਆਪ ਨੂੰ ਨੁਕਸਾਨ ਵਾਲੇ ਰਾਹ ਤੇ ਪਾ ਲਿਆ। ਸਾਨੂੰ ਸਿਆਣਪ ਦੀ ਵਰਤੋਂ ਕਰਨੀ ਜ਼ਰੂਰੀ ਹੈ। ਸਾਨੂੰ ''ਬੁਰਿਆਈ ਤੋਂ ਭੱਜਣਾ'' ਅਤੇ ਕਈ ਵਾਰ ਉਨ੍ਹਾਂ ਲੋਕਾਂ ਨੂੰ ਜਿਹੜੇ ਉਸ ਵਿਚ ਲੱਗੇ ਹੋਏ ਹੁੰਦੇ ਹਨ ਵੀ ਭਜਾਉਣਾ ਜ਼ਰੂਰੀ ਹੁੰਦਾ ਹੈ (1 ਕੁਰਿੰਥੀਆਂ 6:18)। ਖ਼ੁਦਾ ਸਚਮੁਚ ਵਿਚ ਅਜਮਾਇਸ਼ ਵਿਚ ਨਿੱਕਲਣ ਦਾ ਰਾਹ ਦਿੰਦਾ ਹੈ (1 ਕੁਰਿੰਥੀਆਂ 10:13), ਪਰ ਉਦੋਂ ਨਹੀਂ ਜਦ ਅਸੀਂ ਇਸ ਵੱਲ ਨੂੰ ਭੱਜਦੇ ਹਾਂ, ਬਲਕਿ ਉਦੋਂ ਜਦੋਂ ਅਸੀਂ ਇਸ ਤੋਂ ਭੱਜਦੇ ਹਾਂ।

### ਲੰਗਰ ਨੂੰ ਫੜੀ ਰੱਖੋ

ਜੇ ਅਸੀਂ *ਵਚਨ ਤੋਂ ਫਿਰਨ* ਲੱਗੀਏ (2:1–4), ਤਾਂ ਅਸੀਂ ਵੀ *ਵਚਨ ਤੇ ਸ਼ੱਕ* ਕਰਨ ਲੱਗ ਪਵਾਂਗੇ (3:7–4:13)। ਇਸ ਤੋਂ ਪਹਿਲਾਂ ਕੀ ਬਹੁਤ ਦੇਰ ਹੋ ਜਾਵੇ ਛੇਤੀ ਵਚਨ ਵਿਚ ਅਸੀਂ ਦਿਲਚਸਪੀ ਨਾ ਲੈ ਕੇ (5:11–6:20) ਆਲਸੀ ਵਿਸ਼ਵਾਸੀ ਬਣ ਜਾਵਾਂਗੇ। ਫਿਰਨ ਤੋਂ ਬਚਣ ਦਾ ਬੇਹਤਰੀਨ ਢੰਗ *ਲੰਗਰ ਨੂੰ ਫੜੀ ਰੱਖਣਾ ਹੈ*!

---

### ਟਿੱਪਣੀਆਂ

[1]ਰੇਅਮੰਡ ਬ੍ਰਾਊਨ, *ਦ ਮੈਸੇਜ ਆਫ਼ ਹਿਬਰੂਜ਼: ਕ੍ਰਾਈਸਟ ਅਬੱਵ ਆਲ*, ਦ ਬਾਈਬਲ ਸਪੀਕਸ ਟੁਡੇ (ਡਾਊਨਰਜ਼ ਗ੍ਰੋਵ, ਇਲਿਨੋਇ: ਇੰਟਰ–ਵਰਸਿਟੀ ਪ੍ਰੈੱਸ, 1982), 129. [2]ਉਹੀ, 127. [3]ਆਰਥਰ ਡਬਲਯੂ. ਪਿੰਕ, *ਐਨ ਐਕਸਪੋਜ਼ਿਸ਼ਨ ਆਫ਼ ਹਿਬਰੂਜ਼* (ਗ੍ਰੈਂਡ ਰੈਪਿਡਸ, ਮਿਸ਼ਿਗਨ: ਬੇਕਰ ਬੁਕ ਹਾਊਸ, 1954), 356. [4]ਕੈਨਥ ਸੈਮੂਏਲ ਵੁਏਸਟ, *ਹਿਬਰੂਜ਼ ਇਨ ਦ ਗ੍ਰੀਕ ਨਿਊ ਟੈਸਟਾਮੈਂਟ ਫ਼ਾਰ ਦ ਇੰਗਲਿਸ਼ ਰੀਡਰ* (ਗ੍ਰੈਂਡ ਰੈਪਿਡਸ, ਮਿਸ਼ਿਗਨ: ਵਿਲੀਅਮ ਬੀ. ਈਰਡਮੈਂਸ ਪਬਲੀਸ਼ਿੰਗ ਕੰ., 1951), 127. [5]ਗਰੇਥ ਐਲ. ਰੀਸ. ਨੇ ਸੁਝਾਅ ਦਿੱਤਾ ਹੈ ਕਿ ਇਸ ਵਿਚ ਵਿਆਖਿਆ ਹੋ ਸਕਦੀ ਹੈ। (ਗਰੇਥ ਐਲ. ਰੀਸ, *ਏ ਕ੍ਰਿਟਿਕਲ ਐਂਡ ਐਕਸਜੇਟਿਕਲ ਕਮੈਂਟਰੀ ਆਨ ਦ ਐਪਿਸਟਲ ਟੂ ਦ ਹਿਬਰੂਜ਼* [ਮੋਬਰਲੀ, ਮਿਜ਼ੋਰੀ: ਸਕ੍ਰਿਪਚਰ ਐਕਸਪੋਜ਼ਿਸ਼ਨ ਬੁਕਸ, 1992], 104.) [6]''ਸਰਦਾਰ'' (***patriarchēs***; ਵੇਖੋ ਆਇਤ 4) ਸ਼ਬਦ ਉਸ ਸਮੇਂ ਦਾ ਸੁਝਾਅ ਦਿੰਦਾ ਹੈ, ਜਦ ਖ਼ੁਦਾ ਉਨ੍ਹਾਂ ਵੱਡ–ਵਡੇਰਿਆਂ ਨੂੰ ਜਿਹੜੇ ਉਹਦੇ ਮਗਰ ਚੱਲਣ ਦੇ ਚਾਹਵਾਨ ਸਨ, ਆਪਣੇ ਪਰਿਵਾਰਾਂ ਅਤੇ ਹੋਰ ਲੋਕਾਂ ਲਈ ਯਾਜਕਾਂ ਦਾ ਕੰਮ ਕਰਨ ਦੇ ਯੋਗ ਬਣਾ ਕੇ, ਉਨ੍ਹਾਂ ਨਾਲ ਵਿਹਾਰ ਕਰਦਾ ਸੀ। ਖ਼ੁਦਾ ਨੇ ਕਈ ਧਰਮੀ ਪਿਤਾਵਾਂ ਨਾਲ ਜਾਂ ਜਿਨ੍ਹਾਂ ਨੇ ਧਰਮੀ ਬਣਨਾ ਚਾਹਿਆ, ਵਿਹਾਰ ਕੀਤਾ ਅਤੇ ਕਈਆਂ ਉੱਤੇ ਉਸ ਨੇ ਆਪਣੀ ਸਚਿਆਈ ਪਰਗਟ ਕੀਤੀ। [7]ਫਿਲੋ *ਆਨ ਡ੍ਰੰਕਨਨੈੱਸ* 14. [8]ਰੌਬਰਟ ਮਿਲਿਗਨ, *ਏ ਕਮੈਂਟਰੀ ਆਨ ਦ ਐਪਿਸਟਲ ਟੂ ਦ ਹਿਬਰੂਜ਼*, ਨਿਊ ਟੈਸਟਾਮੈਂਟ ਕਮੈਂਟਰੀਜ਼ (ਸਿਨਸਿਨਾਟੀ: ਚੇਜ਼ ਐਂਡ ਹਾਲ, 1876; ਰੀਪ੍ਰਿੰਟ, ਨੈਸ਼ਵਿੱਲ: ਗੌਸਪਲ ਐਡਵੋਕੇਟ ਕੰ., 1975), 249. [9]ਜੋਸੇਫ਼ਸ *ਲਾਈਫ਼* 1. [10]ਮੋਜ਼ਜ਼ ਸਟੂਅਰਟ, *ਏ ਕਮੈਂਟਰੀ ਆਨ ਦ ਐਪਿਸਟਲ ਟੂ ਦ ਹਿਬਰੂਜ਼* (ਲੰਦਨ: ਵਿਲੀਅਮ ਟੈੱਗ ਐਂਡ ਕੰ., 1856), 391.

[11]ਇਹ ਕਿ ਖ਼ੁਦਾ ''ਅੱਤ ਮਹਾਨ'' ਹੈ, ਘੱਟ ਰੁਤਬੇ ਵਾਲੇ ਕਿਸੇ ਹੋਰ ਖ਼ੁਦਾ ਲਈ ਨਹੀਂ ਹੈ। [12]ਕਈ ਕੌਮਾਂ ਜੰਗ ਦੀ ਲੁੱਟ ਦੇ ਮਾਲ ਦਾ ਦਸਵੰਧ ਦਿੰਦੀਆਂ ਸਨ। ਰੀਸ ਨੇ ਇਹ ਅੰਦਾਜ਼ਾ ਲਾਇਆ ਕਿ ਇਹ ਪੁਰਾਤਨ ਪਰੰਪਰਾ ਖ਼ੁਦਾ ਦੇ ਮੂਲ ਹੁਕਮ ਨਾਲ ਜ਼ਬਾਨੀ ਅੱਗੇ ਦਿੱਤੀ ਗਈ ਹੋਵੇਗੀ। (ਰੀਸ, 104, **n.** 8.) ਅਜਿਹੇ ਦਸਵੰਧ ਦੀ ਚਰਚਾ ਐਫ. ਐਫ. ਬਰੂਸ, *ਦ ਐਪਿਸਟਲ ਟੂ ਦ ਹਿਬਰੂਜ਼*, ਦ ਨਿਊ ਇੰਟਰਨੈਸ਼ਨਲ ਕਮੈਂਟਰੀ

ਆਨ ਦ ਨਿਊ ਟੈਸਟਾਮੈਂਟ (ਗ੍ਰੈਂਡ ਰੈਪਿਡਸ, ਮਿਸ਼ਿਗਨਃ ਵਿਲੀਅਮ ਬੀ. ਈਰਡਮੈਂਸ ਪਬਲੀਸ਼ਿੰਗ ਕੰ., 1964), 140, ਅਤੇ ਕ੍ਰੇਗ ਆਰ. ਕੋਸਟਰ, *ਹਿਬਰੂਜ਼ਃ ਏ ਨਿਊ ਟ੍ਰਾਂਸਲੇਸ਼ਨ ਵਿਦ ਦ ਇੰਟ੍ਰੋਡਕਸ਼ਨ ਐਂਡ ਕਮੈਂਟਰੀ,* ਦ ਐਂਕਰ ਬਾਈਬਲ, ਜਿਲਦ 36 (ਨਿਊ ਯਾਰਕਃ ਡਬਲਡੇ, 2001), 343–44 ਵਿਚ ਵੀ ਹੈ। [13]ਇਸਰਾਏਲੀ ਲੇਵੀਆਂ ਨੂੰ ਦਸਵਾਂ ਹਿੱਸਾ ਦਿੰਦੇ ਸਨ ਜਿਹੜੇ ਅੱਗੇ ਯਾਜਕਾਂ ਨੂੰ ''ਦਸਵੰਧ ਦਾ ਦਸਵੰਧ'' ਦਿੰਦੇ ਸਨ (7:5)। ਦਸਵੰਧ ਤੇ ਪੁਰਾਣੇ ਨੇਮ ਦਾ ਕਾਨੂੰਨ ਲੇਵੀਆਂ ਦੀ ਪੋਥੀ 27:30–33; ਗਿਣਤੀ 18:21, 24, 26–29; ਵਿਵਸਥਾਸਾਰ 12:17–19; 14:22; 26:12–14 ਵਿਚ ਮਿਲਦਾ ਹੈ। ਯਾਜਕ ਅਤੇ ਲੇਵੀ ਇੱਕੋ ਨਹੀਂ ਸਨ (ਲੂਕਾ 10:31, 32; ਯੂਹੰਨਾ 1:19)। [14]ਫ਼ਿਲਿਪ ਐਜਕੁੰਬ ਹਿਯੂਜਸ, *ਏ ਕਮੈਂਟਰੀ ਆਨ ਦ ਐਪਿਸਟਲ ਟੂ ਦ ਹਿਬਰੂਜ਼* (ਗ੍ਰੈਂਡ ਰੈਪਿਡਸ, ਮਿਸ਼ਿਗਨਃ ਵਿਲੀਅਮ ਬੀ. ਈਰਡਮੈਂਸ ਪਬਲੀਸ਼ਿੰਗ ਕੰ., 1977), 251, **n.** 7. [15]''ਅਸੀਸ'' ਸ਼ਬਦ ਦੀ ਵਰਤੋਂ ''ਸ਼ੁਕਰਗੁਜ਼ਾਰੀ ਕਰਨ'' ਦੇ ਅਰਥ ਵਿਚ ਕੀਤੀ ਜਾਂਦੀ ਹੈ, ਜਿਵੇਂ ਯਿਸੂ ਨੇ ਭੋਜ ਦੇ ਪਿਆਲੇ ਅਤੇ ਰੋਟੀ ਲਈ ਕੀਤਾ ਜਿੱਥੇ ''ਬਰਕਤ'' ਅਤੇ ''ਸ਼ੁਕਰ'' ਇਕ ਦੂਜੇ ਦੀ ਥਾਂ ਵਰਤੇ ਗਏ ਲਗਦੇ ਹਨ (ਮੱਤੀ 26:26; ਲੂਕਾ 22:19)। [16]ਡੋਨਲਡ ਗੁਥਰੀ, *ਦ ਲੈਟਰ ਟੂ ਦ ਹਿਬਰੂਜ਼ਃ ਐਨ ਇੰਟ੍ਰੋਡਕਸ਼ਨ ਐਂਡ ਕਮੈਂਟਰੀ,* ਦ ਟਿੰਡੇਲ ਨਿਊ ਟੈਸਟਾਮੈਂਟ ਕਮੈਂਟਰੀਜ਼ (ਗ੍ਰੈਂਡ ਰੈਪਿਡਸ, ਮਿਸ਼ਿਗਨਃ ਵਿਲੀਅਮ ਬੀ. ਈਰਡਮੈਂਸ ਪਬਲੀਸ਼ਿੰਗ ਕੰ., 1983), 159। [17]ਜੇਮਸ ਥੌਂਪਸਨ, *ਦ ਲੈਟਰ ਟੂ ਦ ਹਿਬਰੂਜ਼,* ਦ ਲਿਵਿੰਗ ਵਰਡ ਕਮੈਂਟਰੀ (ਆਸਟਿਨ, ਟੈਕਸਸਃ ਆਰ. ਬੀ. ਸਵੀਟ ਕੰ., 1971), 99. [18]ਨੀਲ ਆਰ. ਲਾਈਟਫ਼ੁਟ, *ਜੀਜ਼ਸ ਕ੍ਰਾਈਸਟ ਟੁਡੇਃ ਏ ਕਮੈਂਟਰੀ ਆਨ ਦ ਬੁਕ ਆਫ਼ ਹਿਬਰੂਜ਼* (ਗ੍ਰੈਂਡ ਰੈਪਿਡਸ, ਮਿਸ਼ਿਗਨਃ ਬੇਕਰ ਬੁਕ ਹਾਊਸ, 1976), 140. [19]ਸਟੂਅਰਟ, 396. [20]ਐਲਬਰਟ ਬਾਰਨਸ, *ਨੋਟਸ ਆਨ ਦ ਨਿਊ ਟੈਸਟਾਮੈਂਟਃ ਹਿਬਰੂਜ਼ ਟੂ ਜਿਊਡ* (ਲੰਦਨਃ ਬਲੈਕੀ ਐਂਡ ਸਨ, 1884–85; ਰੀਪ੍ਰਿੰਟ, ਗ੍ਰੈਂਡ ਰੈਪਿਡਸ, ਮਿਸ਼ਿਗਨਃ ਬੇਕਰ ਬੁਕ ਹਾਊਸ, 1985), 159.

[21]ਕੋਸਟਰ, 354. [22]''ਉਸ *[ਲੇਖਕ]* ਲਈ ਯਾਜਕਾਈ ਹਰ ਗੱਲ ਦਾ ਅਧਾਰ ਸੀ।'' (ਨੀਲ ਆਰ. ਲਾਈਟਫ਼ੁਟ, *ਐਵਰੀਵਨ'ਜ਼ ਗਾਈਡ ਟੂ ਹਿਬਰੂਜ਼ [*ਗ੍ਰੈਂਡ ਰੈਪਿਡਸ, ਮਿਸ਼ਿਗਨਃ, 2002*]*, 95)। [23]ਬਰੂਸ, 145. [24]ਜੇਮਸ ਬਰਟਨ ਕਾਫ਼ਮੈਨ, *ਕਮੈਂਟਰੀ ਆਨ ਹਿਬਰੂਜ਼* (ਆਸਟਿਨ, ਟੈਕਸਸਃ ਫ਼ਰਮ ਫ਼ਾਉਂਡੇਸ਼ਨ ਪਬਲੀਸ਼ਿੰਗ ਹਾਊਸ, 1971), 157. [25]ਇਸ ਵਾਕਅੰਸ਼ ਦੇ ਵੱਖੋ–ਵੱਖ ਰੂਪਾਂ ਦੀ ਵਰਤੋਂ ਮੱਤੀ 1:1; 9:27; 12:23; 15:22; 20:30, 31; ਅਤੇ 21:9, 15 ਵਿਚ ਕੀਤੀ ਗਈ ਹੈ (ਮੱਤੀ 22:45; ਮਰਕੁਸ 10:47, 48; 12:35; ਲੂਕਾ 1:32; 18:39 ਵੀ ਵੇਖੋ)। [26]ਹਿਯੂਜਸ, 259. [27]ਡੋਨਲਡ ਏ. ਹੈਗਨਰ, *ਐਨਕਾਉਂਟਰਿੰਗ ਦ ਬੁਕ ਆਫ਼ ਹਿਬਰੂਜ਼ਃ ਐਨ ਐਕਸਪੋਜਿਸ਼ਨ,* ਐਨਕਾਉਂਟਰਿੰਗ ਬਿਬਲੀਕਲ ਸਟੱਡੀਜ਼ (ਗ੍ਰੈਂਡ ਰੈਪਿਡਸ, ਮਿਸ਼ਿਗਨਃ ਬੇਕਰ ਅਕੈਡਮਿਕ, 2002), 102. [28]ਮਿਲਿਗਨ, 260. [29]ਹਿਯੂਜਸ, 264. [30]ਮਿਲਿਗਨ, 261.

[31]ਜੇਮਸ ਮੈਕਨਾਈਟ, *ਏ ਨਿਊ ਲਿਟਰਲ ਟ੍ਰਾਂਸਲੇਸ਼ਨ, ਫਰਾਮ ਦ ਓਰਿਜਨਲ ਗ੍ਰੀਕ ਆਫ਼ ਆਲ ਦ ਅਪੋਸਟਲਿਕ ਐਪਿਸਟਲਜ਼ ਵਿਦ ਏ ਕਮੈਂਟਰੀ ਐਂਡ ਨੋਟਸ* (ਐਡਿਨਬਰਗਃ ਲੇਖਕ ਦੁਆਰਾ, 1795; ਰੀਪ੍ਰਿੰਟ, ਗ੍ਰੈਂਡ ਰੈਪਿਡਸ, ਮਿਸ਼ਿਗਨਃ ਬੇਕਰ ਬੁਕ ਹਾਊਸ, 1984), 539. [32]ਬਰੂਸ, 148. [33]**NASB** ਵਿਚ ''ਵਿਅਰਥ'' (7:18) ਥੋੜ੍ਹਾ ਸਖ਼ਤ ਲਗਦਾ ਹੈ ਕਿਉਂ ਜੋ ਸ਼ਰ੍ਹਾ ਨੇ ਉਸ ਮਕਸਦ ਨੂੰ ਪੂਰਾ ਕੀਤਾ ਜਿਹਦੇ ਲਈ ਇਹ ਦਿੱਤੀ ਗਈ ਸੀ, ਭਾਵ ਪਾਪ ਦੇ ਸੁਭਾਅ ਵੱਲ ਇਸ਼ਾਰਾ ਕੀਤਾ। ਪਰ ਅਬਦੀ ਨਜਾਤ ਸਿੱਧੇ ਦੁਆਉਣ ਲਈ ਇਹ ''ਵਿਅਰਥ'' ਸੀ। [34]ਰੇਅ ਸੀ. ਸਟੇਡਮੈਨ, *ਹਿਬਰੂਜ਼,* ਦ **IVP** ਨਿਊ ਟੈਸਟਾਮੈਂਟ ਕਮੈਂਟਰੀ ਸੀਰੀਜ਼ (ਡਾਊਨਰਜ਼ ਗ੍ਰੋਵ, ਇਲਿਨੋਇਃ ਇੰਟਰਵਰਸਟੀ ਪ੍ਰੈੱਸ, 1992), 82–83, **n.** ਖ਼ੁਦਾ ਨੂੰ ਪਾਪੀ ਨੂੰ ਧਰਮੀ ਦੇ ਰੂਪ ਵਿਚ ਵਿਖਾਉਣ ਦਾ ਕੰਮ ਕੁਰਬਾਨੀ ਨਹੀਂ ਬਲਕਿ ਬੰਦਗੀ ਕਰਨ ਵਾਲੇ ਦੇ ਮਨ ਦਾ ਵਿਹਾਰ ਕਰਦਾ ਸੀ ਪਰ ਇਹ ਵੀ ਪਾਪ ਲਈ ਅਖੀਰ ਵਿਚ ਮਸੀਹ ਦੀ ਮੌਤ ਨੂੰ ਧਿਆਨ ਵਿਚ ਰੱਖ ਕੇ ਆਖਿਆ ਗਿਆ ਸੀ। [35]ਮੈਕਨਾਈਟ, 539. [36]ਗੁਥਰੀ, 165. [37]ਲਾਈਟਫ਼ੁਟ, *ਜੀਜ਼ਸ ਕ੍ਰਾਈਸਟ ਟੁਡੇ,* 145. [38]ਬ੍ਰਾਊਨ,

134. [39]ਜੋਸੇਫ਼ਸ *ਐਂਟੀਕੁਇਟੀਜ਼* 20.10.1. [40]ਜੋਸੇਫ਼ਸ *ਅਗੇਂਸਟ ਅਪੀਅਨ* 1.22.

[41]ਵਿਲੀਅਮ ਬਾਰਕਲੇ, *ਦ ਲੈਟਰ ਟੂ ਦ ਹਿਬਰੂਜ਼,* ਜਿਲਦ ਦੂਜੀ, ਦ ਡੇਅਲੀ ਸਟੱਡੀ ਬਾਈਬਲ ਸੀਰੀਜ਼ (ਫ਼ਿਲਾਡੈਲਫੀਆ: ਵੈਸਟਮਿੰਸਟਰ ਪ੍ਰੈੱਸ, 1957), 87. [42]ਜੋਸੇਫ਼ਸ *ਐਂਟੀਕੁਇਟੀਜ਼* 20.10.1; *ਵਾਰਜ਼* 4.3.7–8. [43]ਰੀਸ, 119. [44]ਬਰੂਸ, 154. [45]ਇੱਥੇ ਵਰਤੇ ਗਏ ਵਰਤਮਾਨ ਭਾਵਵਾਚਕ ਤੋਂ ਭਾਵ ਹੈ ਕਿ ਉਹ ਸਿਫ਼ਾਰਿਸ਼ ਕਰਦਾ ਰਹਿੰਦਾ ਹੈ। (ਲਾਈਟਫ਼ੁਟ, *ਜੀਜ਼ਸ ਕ੍ਰਾਈਸਟ ਟੁਡੇ*, 146–47.) [46]ਵਾਲਟਰ ਬਾਉਰ, *ਏ ਗ੍ਰੀਕ–ਇੰਗਲਿਸ਼ ਲੈਕਸੀਕਨ ਆਫ਼ ਦ ਨਿਊ ਟੈਸਟਾਮੈਂਟ ਐਂਡ ਅਦਰ ਅਰਲੀ ਕ੍ਰਿਸਚਿਅਨ ਲਿਟਰੇਚਰ,* ਜਿਲਦ 2ਜੀ, ਸੋਧ ਵਿਲੀਅਮ ਐੱਫ਼. ਅਰੰਡਟ ਐਂਡ ਐਫ਼. ਵਿਲਬਰ ਗਿੰਗਰਿਕ (ਸ਼ਿਕਾਗੋ: ਯੂਨੀਵਰਸਿਟੀ ਆਫ਼ ਸ਼ਿਕਾਗੋ ਪ੍ਰੈੱਸ, 1957), 589. [47]ਬਾਰਕਲੇ, 89. [48]ਬਾਈਬਲ ਵਿਚ ਰੂਹਾਨੀ ''ਹਨੇਰੇ'' ਦੇ ਹਵਾਲਿਆਂ ਦੀ ਭਰਮਾਰ ਹੈ (ਲੂਕਾ 1:79; 22:53; ਯੂਹੰਨਾ 1:5; 3:19; 8:12; 12:35, 46; ਰਸੂਲਾਂ ਦੇ ਕੰਮ 26:18; ਰੋਮੀਆਂ 2:19; 13:12; 2 ਕੁਰਿੰਥੀਆਂ 6:14; ਅਫ਼ਸੀਆਂ 5:8, 11; 6:12; ਕੁਲੁੱਸੀਆਂ 1:13; 1 ਥੱਸਲੁਨੀਕੀਆਂ 5:4, 5; 1 ਪਤਰਸ 2:9; 1 ਯੂਹੰਨਾ 1:6; 2:8, 9, 11)। [49]*ਮਿਸ਼ਨਾਹ ਯੋਮਾਹ* 3.8. [50]ਹਿਯੂਜਸ, 275.

[51]ਫਿਲੋ *ਸਪੈਸ਼ਲ ਲਾਅਜ਼* 3.131. [52]ਥੌਮਸ ਹੇਵਿਟ, *ਦ ਐਪਿਸਟਲ ਟੂ ਦ ਹਿਬਰੂਜ਼: ਐਨ ਇੰਟ੍ਰੋਡਕਸ਼ਨ ਐਂਡ ਕਮੈਂਟਰੀ,* ਦ ਟਿੰਡੇਲ ਨਿਊ ਟੈਸਟਾਮੈਂਟ ਕਮੈਂਟਰੀਜ਼ (ਗ੍ਰੈਂਡ ਰੈਪਿਡਸ, ਮਿਸ਼ਿਗਨ: ਵਿਲੀਅਮ ਬੀ. ਈਰਡਮੈਂਸ ਪਬਲੀਸ਼ਿੰਗ ਕੰ., 1960), 127. [53]ਬਰੂਸ, 158–59. ਅਜਿਹੀਆਂ ਭਾਵਨਾਵਾਂ 2 ਮੱਕਾਬੀਆਂ 7:37–40; 4 ਮੱਕਾਬੀਆਂ 6:27–30; 17:22; 18:3, 4 ਦੇ ਅਪ੍ਰਮਾਣਿਕ ਲੇਖਾਂ ਵਿਚ ਵਿਖਾਈਆਂ ਗਈਆਂ ਹਨ। [54]ਸਾਈਮਨ ਜੇ. ਕਿਸਟਮੇਕਰ, *ਐਕਸਪੋਜ਼ਿਸ਼ਨ ਆਫ਼ ਦ ਐਪਿਸਟਲ ਟੂ ਦ ਹਿਬਰੂਜ਼,* ਨਿਊ ਟੈਸਟਾਮੈਂਟ ਕਮੈਂਟਰੀ (ਗ੍ਰੈਂਡ ਰੈਪਿਡਸ, ਮਿਸ਼ਿਗਨ: ਬੇਕਰ ਬੁਕ ਹਾਊਸ, 1984), 208. [55]ਹਿਯੂਜਸ, 279. [56]ਮੱਤੀ 26:30; ਮਰਕੁਸ 14:26; ਰਸੂਲਾਂ ਦੇ ਕੰਮ 16:25; ਰੋਮੀਆਂ 15:9; 1 ਕੁਰਿੰਥੀਆਂ 14:15; ਅਫ਼ਸੀਆਂ 5:19; ਕੁਲੁੱਸੀਆਂ 3:16; ਇਬਰਾਨੀਆਂ 2:12; ਯਾਕੂਬ 5:13. [57]ਰਸੂਲਾਂ ਦੇ ਕੰਮ 2 ਦੇ ਬਾਅਦ ''ਪ੍ਰਭੂ'' ਸ਼ਬਦ ਆਮ ਤੌਰ ਤੇ ਯਿਸੂ ਮਸੀਹ ਲਈ ਹੀ ਵਰਤਿਆ ਗਿਆ ਹੈ। ਸਚਮੁਚ ਸਾਡਾ ''ਇੱਕੋ ਪ੍ਰਭੂ'' ਹੈ (ਅਫ਼ਸੀਆਂ 4:5)। [58]ਇਸ ਵਿਚਾਰ ਦਾ ਸੁਝਾਅ ਜੇਮਸ ਟੀ. ਡ੍ਰੇਪਰ, ਜੂਨੀ., *ਹਿਬਰੂਜ਼, ਦ ਲਾਈਫ਼ ਦੈਟ ਪਲੀਜ਼ਜ਼ ਗੌਡ* (ਵ੍ਹੀਟਨ, ਇਲਿਨੋਇ: ਟਿੰਡੇਲ ਹਾਊਸ ਪਬਲੀਸ਼ਰਜ਼, 1976), 194–96 ਵਿਚ ਦਿੱਤਾ ਗਿਆ ਸੀ।